# ਸੰਤੁਲਨ ਤੇ ਪੱਥਰ ਦਾ ਸਫ਼ਰ



ਚਰਨ ਸਿੰਘ

# ਸੰਤੁਲਨ
# ਤੇ
# ਪੱਥਰ ਦਾ ਸਫ਼ਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Santulan
# Te
# Pathar Da Safar

( A Collection of Small & Long Poems )

By : CHARAN SINGH
9251 ARVIDA, DR.
RICHMOND B.C. V7A4K5
CANADA
Phone : 604-448-0331
Email : virdycharan@gmail.com

© Author

Edition : 2013

Price : Rs. 200/-

Title Designed by :.Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਸੰਤੁਲਨ ਤੇ ਪੱਥਰ ਦਾ ਸਫ਼ਰ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਸਵਰਗਵਾਸੀ ਡਾ. ਹਰਭਜਨ ਸਿੰਘ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ਼ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਕੁਕਨੂਸ (ਕਾਵਿ ਸੰਗ੍ਰਹਿ)
(5) ਮੌਲੀ ਧਰਤੀ (ਕਾਵਿ ਸੰਗ੍ਰਹਿ)
(6) ਖ਼ਾਲੀ ਘਰ (ਕਾਵਿ ਸੰਗ੍ਰਹਿ)
(7) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(8) ਮੁਕਤੀ (ਲੰਬੀ ਕਵਿਤਾ)
(9) ਕ੍ਰਾਂਤੀ (ਕਾਵਿ ਸੰਗ੍ਰਹਿ)
(10) ਜਗਿਆਸਾ (ਕਾਵਿ ਸੰਗ੍ਰਹਿ)
(11) ਪ੍ਰਦੂਸ਼ਣ (ਕਾਵਿ ਸੰਗ੍ਰਹਿ)
(12) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(13) ਅਰਥ (ਕਾਵਿ ਸੰਗ੍ਰਹਿ)
(14) ਮਹਿਮਾਂ (ਕਾਵਿ ਸੰਗ੍ਰਹਿ)
(15) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(16) ਸਾਏ ਦਾ ਸਫ਼ਰ
(17) ਨੀਲਾ ਅਸਮਾਨ
(18) ਛੁੱਪ ਗਏ ਤਾਰੇ
(19) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਕਵੀ ਤੇ ਕਵਿਤਾ
2. ਵਾਲਦੈਨ
3. ਰੁੱਖ ਦਾ ਬਾਲਣ
4. ਜੀਵਨ ਸ਼ਬਦ
5. ਪੁਨਰ ਜਨਮ
6. ਅਜ਼ਨਬੀ ਮਹਿਕ
7. ਤਲਾਸ਼ ਤੋਂ ਤਲਾਸ਼ ਤਕ
8. ਸਾਡੇ ਨਾਲ ਨਾ ਖੜ੍ਹੋ
9. ਘਰ ਚੋਂ ਨਿਕਲੀ ਸੜਕ
10. ਔਰਤ
11. ਇਕ ਆਪਣੇ ਸਿਵਾ
12. ਜਦ ਸਮਝ ਆਈ
13. ਸਿੱਕੇ ਦਾ ਇਕ ਪਾਸਾ
14. ਗਤੀ ਦਾ ਬਨਵਾਸ
15. ਅੰਗ ਸੰਗ
16. ਸਵਾਲ
17. ਗੁਜ਼ਰਨ
18. ਸ਼ਹਿਨਸ਼ਾਹ
19. ਤਕਸੀਮ
20. ਸੰਤੁਲਨ
21. ਸੂਰਤ ਤੇ ਸੀਰਤ
22. ਨਜ਼ਰ ਦਾ ਸੱਚ
23. ਕਲੀ
24. ਇਕ ਚਿੰਗਾਰੀ
25. ਮੇਰਾ ਤੇਰਾ ਪੈਂਡਾ
26. ਅਲੋਪ

## ਕਵੀ ਤੇ ਕਵਿਤਾ

ਮੈਂ ਆਪਣੀ ਹੀ
ਚਾਰਦੀਵਾਰੀ 'ਚ ਬੰਦ
ਸਦੀਆਂ ਤੋਂ ਸਾਲਾਂ 'ਚ
ਸਾਲਾਂ ਤੋਂ ਮਹੀਨਿਆਂ
ਦਿਨਾਂ ਤੇ ਪਲਾਂ 'ਚ
ਕਤਰਾ ਕਤਰਾ ਗੁਜ਼ਰ ਰਿਹਾ ਹਾਂ

-0-

ਕਦ ਕੋਈ ਸੂਰਜ
ਮੇਰੇ ਦੁਆਲੇ ਦੀ
ਚਾਰਦੀਵਾਰੀ ਤੋਂ
ਇੱਕ ਇੱਕ ਇੱਟ ਪੁੱਟੇਗਾ
ਤੇ ਆਪਣੀਆਂ
ਕਿਰਨਾਂ ਦਾ ਚਾਨਣ
ਮੇਰੇ ਅੰਦਰਲੇ
ਹਨ੍ਹੇਰੇ 'ਚ ਸੁੱਟੇਗਾ

-0-

ਬਾਹਰ
ਕੋਈ ਸੂਰਜ ਨਹੀਂ
ਅੰਦਰ ਕੋਈ ਆਕਾਸ਼ ਨਹੀਂ
ਮੇਰੀਆਂ ਨਜ਼ਮਾਂ ਦੇ ਸਿਵਾ
ਕੁੱਝ ਵੀ ਮੇਰੇ ਪਾਸ ਨਹੀਂ
ਨਜ਼ਮਾਂ ਜਿਨ੍ਹਾਂ ਨੂੰ
ਮੈਂ ਬਿਨ ਲਾਈਸੈਂਸ ਹਥਿਆਰ
ਵਾਂਗ ਸਾਂਭ ਰੱਖਿਆ ਹੈ

-0-

ਵਰਤਣ ਤੇ ਪਤਾ ਲੱਗਾ
ਕਿ ਨਜ਼ਮਾਂ
ਦੁਆਲੇ ਉਸਰੀ ਦੀਵਾਰ ਦੀ
ਇਕ ਵੀ ਇੱਟ ਨਹੀਂ ਪੁੱਟ
ਸਕਦੀਆਂ
ਪਰ ਕਬਰ ਪੁਟ ਸਕਦੀਆਂ ਹਨ

-0-

ਮੇਰੀਆਂ ਕਈ
ਲਿਖੀਆਂ ਅਲਿਖੀਆਂ
ਕਵਿਤਾਵਾਂ ਹਨ
ਜੋ ਵਰਤਣ ਤੇ
ਕਈ ਕਬਰਾਂ ਪੁੱਟਣਗੀਆਂ
ਪਰ ਇਹ ਨਹੀਂ ਜਾਣਦੀਆਂ
ਮੇਰੇ ਜਿਉਂਦੇ ਸਰੀਰ 'ਚ
ਸਿਰਫ਼ ਇਕ ਹੀ ਲਾਸ਼ ਹੈ
ਮੈਂ ਇਹ ਲਾਸ਼
ਕਿਸ ਕਿਸ ਕਬਰ 'ਚ ਧਰਾਂਗਾ
ਕਿਸ ਕਿਸ ਕਬਰ ਦੀ
ਇੱਛਾ ਪੂਰੀ ਕਰਾਂਗਾ

-0-

ਮੇਰੀ ਕਲਪਣਾ 'ਚ
ਸਿਰਜਣਾ ਸੀ
ਸਿਰਜਣਾ 'ਚ ਮੌਤ ਸੀ
ਇਸਦਾ ਮੈਨੂੰ
ਅਹਿਸਾਸ ਨਹੀਂ ਸੀ.

ਨਹੀਂ ਤਾਂ ਮੈਂ
ਕਦੀ ਵੀ ਕਵਿਤਾ ਸੰਗ
ਗਰਭਤ ਨਾ ਹੁੰਦਾ
ਕਦੀ ਵੀ ਮੇਰੇ ਜਿਸਮ ਚੋਂ
ਜ਼ਹਿਰ ਨਾ ਜਨਮਦਾ
ਜੇ ਮੇਰੇ ਜਿਸਮ 'ਚ
ਕਾਵਿਕ ਅੰਮ੍ਰਿਤ ਨਾ ਹੁੰਦਾ

-0-

ਕਵਿਤਾ ਸੰਗ
ਕਦੋਂ ਦੁਆਲੇ ਦੀਆਂ ਕੰਧਾਂ
ਢਹਿੰਦੀਆਂ ਹਨ
ਕਵਿਤਾ ਸੰਗ
ਮੁਥਾਜੀਆਂ
ਕਦੋਂ ਗਲੋਂ ਲਹਿੰਦੀਆਂ ਹਨ
ਕਵਿਤਾ ਸੰਗ
ਕਦੋਂ ਠਰਿਆ ਚੁੱਲ੍ਹਾ ਬਲਦਾ ਹੈ
ਸਿਰਜਕ
ਸਿਰਜਦਾ ਸਿਰਜਦਾ
ਕਬਰ ਹੋ ਜਾਂਦਾ ਹੈ
ਪਰ ਕਵਿਤਾ ਸੰਗ
ਕਦ ਕਿਸੇ ਦਾ ਘਰ ਚਲਦਾ ਹੈ

-0-

ਕਵਿਤਾ
ਕਦ ਕਿਸੇ ਦਾ ਨੰਗਾ
ਜਿਸਮ ਢੱਕਦੀ ਹੈ

ਇਸਦਾ ਮੈਨੂੰ
ਅਹਿਸਾਸ ਨਹੀਂ ਸੀ
ਨਹੀਂ ਤਾਂ ਕਦੀ ਵੀ
ਮੈਂ ਕਵਿਤਾ ਸੰਗ
ਗਰਭਤ ਨਾ ਹੁੰਦਾ
ਕਦੀ ਵੀ
ਮੇਰੇ ਜਿਸਮ ਚੋਂ ਜ਼ਹਿਰ
ਨਹੀਂ ਸੀ ਜਨਮਨਾਂ
ਜੇ ਮੇਰੇ ਜਿਸਮ 'ਚ
ਕਾਵਿਕ ਅੰਮ੍ਰਿਤ ਨਾ ਹੁੰਦਾ

------

# ਵਾਲਦੈਨ

ਉਹ ਆਪਣੀ ਚੁੱਪ ਤੋਂ
ਬੋਲ ਹੋਣ ਜਾ ਰਿਹਾ ਸੀ
ਉਸ ਨੂੰ
ਰਾਹ 'ਚ ਇਕ ਸ਼ਬਦ ਮਿਲਿਆ
ਤੇ ਬੋਲਿਆ
ਮੈਨੂੰ ਆਪਣੇ ਨਾਲ ਲੈ ਚਲ
ਮੈਂ ਅਰਥ ਦੀ ਤਲਾਸ਼ 'ਚ
ਗੁਆਚ ਗਿਆ ਹਾਂ

−0−

ਉਹ ਸ਼ਬਦ ਨੂੰ ਘਰ ਲੈ
ਆਇਆ
ਸ਼ਬਦ ਨੇ
ਜਦ ਘਰ ਦਾ ਚੁੱਲ੍ਹਾ ਬਲਦਾ
ਤੱਕਿਆ
ਤਾਂ ਉਸਨੂੰ ਭੁੱਖ ਦੇ ਸੱਚ ਦਾ
ਅਰਥ ਨਜ਼ਰ ਆਇਆ

−0−

ਸ਼ਬਦ ਨੇ ਜਦ ਚੌਂਕੇ 'ਚ
ਪਾਣੀ ਦਾ ਭਰਿਆ
ਘੜਾ ਤੱਕਿਆ
ਤਾਂ ਸ਼ਬਦ ਨੂੰ
ਪਿਆਸ ਦਾ ਅਰਥ ਸਮਝ
ਆਇਆ

−0−

ਸ਼ਬਦ ਨੇ
ਜਦ ਬੱਚਿਆਂ ਦੇ ਤੋਤਲੇ
ਬੋਲ ਸੁਣੇ
ਤਾਂ ਉਸਨੂੰ ਘਰ ਸੰਸਾਰ ਦਾ
ਅਰਥ ਸਮਝ ਆਇਆ

-0-

ਸ਼ਬਦ ਨੇ
ਘਰ ਦੇ ਵਜ਼ੂਦ ਦਾ ਨਿੱਘ
ਮਾਣਿਆ
ਤਾਂ ਉਸਨੂੰ
ਆਸਰੇ ਦਾ ਅਰਥ ਸਮਝ
ਆਇਆ
ਹੁਣ ਸ਼ਬਦ ਦੀ ਨਜ਼ਰ 'ਚ
ਅਰਥ ਹੀ ਅਰਥ ਸਨ
ਉਹ ਸ਼ਬਦ ਵਾਲਦੈਨ ਸੀ
ਉਸਦੀ ਸ਼ਬਦੀ ਪਹਿਚਾਣ
ਮਿੱਟ ਗਈ
ਤੇ ਵਾਲਦੈਨ ਦਾ ਅਰਥ
ਹੋ ਗਈ

-0-

ਇਕ ਦਿਨ ਸ਼ਬਦ ਨੇ
ਘਰ ਦੀ ਪਤਨੀ ਤੇ ਪਤੀ ਨੂੰ
ਆਣੇ ਸ਼ਬਦ ਦੇ ਅਰਥ
ਵਾਲਦੈਨ ਬਾਰੇ ਪੁੱਛਿਆ

ਪਤੀ ਪਤਨੀ ਤਾਂ ਚੁੱਪ ਰਹੇ
ਪਰ ਤੋਤਲੀ ਜ਼ੁਬਾਨ ਦਾ ਅਰਥ
ਉਸਨੂੰ
ਘਰ ਦੀ ਇਕ ਹਨ੍ਹੇਰੀ ਕੁੜ ’ਚ
ਲੈ ਗਿਆ
ਜਿੱਥੇ ਅਰਥਾਂ ਚੋਂ ਨੁਚੜੇ
ਸ਼ਬਦ ਦਾ ਵਜ਼ੂਦ ਸੜ
ਰਿਹਾ ਸੀ

-0-

ਆਪਣੀ
ਉਮਰ ਪੁਰਜਾ ਪੁਰਜਾ ਕਰਕੇ
ਕਟ ਰਿਹਾ ਸੀ
ਜਿਨ੍ਹਾਂ ਦੀ ਧਰਤੀ
ਸੁੰਘੜ ਕੇ ਮੁੱਠ ਹੋ ਗਈ ਸੀ
ਜਿਨ੍ਹਾਂ ਦੇ ਸਿਰ ਦਾ
ਅਸਮਾਨ ਫੱਟ ਗਿਆ ਸੀ

-0-

ਦੋ ਪਿੰਜਰ
ਵਾਲਦੈਨ ਦੇ ਅਰਥ ਦੀ
ਭਾਲ ’ਚ
ਸੂਲ਼ੀ ਤੇ ਲਟਕ ਰਹੇ ਸਨ
ਠੰਡੇ ਚੁੱਲ੍ਹੇ ’ਚ ਬਲ ਰਹੇ ਸਨ
ਖ਼ਾਲੀ ਕੁੰਨ੍ਹੀ ’ਚ ਰਿੱਝ ਰਹੇ ਸਨ
ਅਰਥਾਂ ਦੇ ਜੰਗਲ ’ਚ

ਸ਼ਬਦ ਦੇ ਵਜੂਦ ਲਈ
ਭਟਕ ਰਹੇ ਸਨ

-0-

ਸ਼ਬਦ ਨੇ
ਆਪਣੀ ਦੇਹ ਦੀ ਗੱਠੜੀ
ਬੰਨ੍ਹੀ
ਤੇ ਘਰੋਂ ਬਾਹਰ ਨਿਕਲ
ਗਿਆ
ਉਸਦੀ ਤਲੀ ਤੇ
ਆਪਣੇ ਵਜੂਦ ਦਾ ਅਰਥ
ਤਿੜਕ ਗਿਆ

----

## ਰੁੱਖ ਦਾ ਬਾਲਣ

ਉਸਨੂੰ ਯਾਦ ਆਇਆ
ਉਹ ਇਕ ਰੁੱਖ ਹੈ
ਉਸ 'ਚ ਹਰਿਆਵਲ ਹੈ
ਉਸ ਦੀਆਂ ਜੜ੍ਹਾਂ ਹਨ
ਫੁੱਲ ਪੱਤੇ ਟਹਿਣੀਆਂ ਤੇ ਫੱਲ
ਹਨ

-0-

ਉਸ ਨੇ
ਇਕ ਧੁੱਪ ਦੇ ਟੋਟੇ ਦੇ
ਸੜਦੇ ਪੈਰ ਤੱਕੇ
ਉਸਦੀਆਂ ਅੱਖਾਂ 'ਚ
ਅੱਥਰੂ ਭਰ ਆਏ
ਉਸਨੇ ਦੇਖਿਆ
ਉਹ ਅੱਥਰੂਆਂ 'ਚ ਤਰ
ਰਿਹਾ ਸੀ
ਰੁੱਖ ਹੋ ਕੇ ਸੜ ਰਿਹਾ ਸੀ

-0-

ਉਹ ਕਿਸੇ ਘਰ ਦਾ
ਦਰਵਾਜ਼ਾ ਹੈ
ਖਿੜਕੀ ਹੈ ਰੌਸ਼ਨਦਾਨ ਹੈ
ਉਸਦੀ ਕੋਈ ਹਰਿਆਵਲ ਨਹੀਂ
ਫੁੱਲ ਪੱਤਾ ਟਹਿਣੀ ਫੱਲ ਨਹੀਂ

ਇਕ ਸੁੱਕੀ ਲੱਕੜ ਹੈ
ਜੋ ਬਾਂਝ ਹੈ
ਰੁੱਖ ਜਨਮਣ ਤੋਂ ਅਸਮਰੱਥ ਹੈ

-0-

ਉਹ ਰੋਂਦਾ ਰੋਂਦਾ
ਇਕਦਮ ਮੁਸਕਰਾਇਆ
ਉਸ ਵੇਖਿਆ
ਬੂਹੇ ਬਾਰੀਆਂ ਰੌਸ਼ਨਦਾਨਾਂ ਚੋਂ
ਹਵਾ ਲੰਘਦੀ ਹੈ
ਸਾਵਣ ਦੀ ਘਟਾ
ਉਸਦੇ ਪਿੰਡੇ ਤੇ ਵਰ੍ਹਦੀ ਹੈ
ਉਹ ਘਰ 'ਚ ਰਹਿ ਰਹੇ
ਲੋਕਾਂ ਨੂੰ
ਠੰਡ ਤੋਂ ਬਚਾਉਂਦਾ ਹੈ
ਗਰਮੀ ਧੁੱਪ ਹਨ੍ਹੇਰੀ ਤੂਫ਼ਾਨ 'ਚ
ਘਰ ਦੇ ਲੋਕਾਂ ਦੀ ਰੱਖਿਆ
ਕਰਦਾ ਹੈ

-0-

ਉਹ ਰੁੱਖ ਤੋਂ ਲੱਕੜ
ਲੱਕੜ ਤੋਂ ਬੂਹੇ ਬਾਰੀਆਂ
ਰੌਸ਼ਨਦਾਨਾਂ ਦੀ ਜੂਨ
ਹੰਢਾ ਰਿਹਾ ਵੀ ਖ਼ੁਸ਼ ਸੀ
ਕਿ ਉਸਦੀ
ਮਨੁੱਖ ਨੂੰ ਮਨੁੱਖਤਾ ਨੂੰ ਜੀਵਨ ਨੂੰ
ਕੁੱਝ ਦੇਣ ਤਾਂ ਹੈ

-0-

ਜਦ ਰੁੱਖ ਨੇ
ਆਪਣੀ ਬਲਦੀ ਲੱਕੜ 'ਚ
ਇਕ ਮੁਰਦੇ ਨੂੰ
ਸੜਦਾ ਵੇਖਿਆ
ਤਾਂ ਰੁੱਖ
ਰੁੱਖ ਹੋ ਕੇ ਜਨਮਣ ਤੇ
ਬੜਾ ਹੀ ਰੋਇਆ
ਕਿਉਂਕਿ
ਉਹ ਆਪ ਤਾਂ ਸੜ ਹੀ ਰਿਹਾ ਸੀ
ਨਾਲ ਕਿਸੇ ਹੋਰ ਨੂੰ ਵੀ
ਸਾੜ ਰਿਹਾ ਸੀ

-0-

ਜਿਸ ਨੇ ਰੁੱਖ ਦੇ ਬੀਜ ਨੂੰ
ਕਦੀ ਮਿੱਟੀ 'ਚ ਬੀਜਿਆ ਸੀ
ਉਸਨੂੰ ਰਾਖ਼ ਕਰ ਰਿਹਾ ਸੀ
ਰੁੱਖ ਨੇ ਆਪਣੇ ਆਪਨੂੰ ਕਿਹਾ
ਇਹ ਤੇਰਾ ਕੀ ਈਮਾਨ ਹੈ
ਸੜਣ ਵਾਲਾ ਮੁਰਦਾ ਹੀ ਸਹੀ
ਆਖਿਰ ਤਾਂ ਇਨਸਾਨ ਹੈ

-0-

ਉਸਨੂੰ ਯਾਦ ਆਇਆ
ਉਹ ਇਕ ਰੁੱਖ ਹੈ
ਉਸ 'ਚ ਹਰਿਆਵਲ ਹੈ
ਉਸਦੀਆਂ ਜੜ੍ਹਾਂ ਹਨ
ਫੁੱਲ ਪੱਤੇ ਟਹਿਣੀਆਂ ਤੇ ਫੱਲ ਹਨ

-----

## ਜੀਵਨ ਸ਼ਬਦ

ਮੈਂ ਜੀਵਨ
ਸ਼ਬਦ ਹਾਂ
ਸ਼ਬਦਾਂ ਤੋਂ ਸ਼ਬਦਾਂ ਤੱਕ
ਤੁਰਦਾ ਹਾਂ
ਸ਼ਬਦਾਂ ਚੋਂ
ਸ਼ਬਦਾਂ 'ਚ ਵਿਚਰਦਾ ਹਾਂ
ਸ਼ਬਦ ਤੋਂ
ਕਦ ਅਰਥ ਹੋਵਾਂਗਾ
ਸੁੱਖਾਂ ਦੀ ਪਨਾਹ ਹੋਵਾਂਗਾ
ਖੜਾ ਹਾਂ ਇੰਤਜ਼ਾਰ 'ਚ

-0-

ਮੈਂ ਸ਼ਬਦ ਅੰਬਰ ਹਾਂ
ਅੰਬਰ ਤੋਂ ਅਣਜਾਣ ਹਾਂ
ਮੈਂ ਸ਼ਬਦ ਹਵਾ ਹਾਂ
ਹਵਾ ਦੀ ਗਤੀ ਤੋਂ ਬੇਪਹਿਚਾਣ ਹਾਂ
ਮੈਂ ਸ਼ਬਦ ਅੱਗਣ ਹਾਂ
ਤੇਜ਼ ਦੀ ਸਿਆਣ ਨਹੀਂ
ਮੈਂ ਸ਼ਬਦ ਬੂੰਦ ਹਾਂ
ਸਾਗਰ ਦੇ ਸੱਚ ਤੋਂ ਵਾਕਿਫ਼ ਨਹੀਂ
ਮੈਂ ਸ਼ਬਦ ਧਰਤ ਹਾਂ
ਉਤਪੱਤੀ ਤੋਂ ਦੂਰ ਹਾਂ
ਮੈਂ ਸ਼ਬਦ ਪੱਤਰ ਹਾਂ

ਰੁੱਖ ਲਈ
ਜੰਗਲ ਲਈ ਪਰਾਇਆ ਹਾਂ

-0-

ਮੈਂ ਜੀਵਨ ਸ਼ਬਦ
ਬਿਨ ਸਿਰ ਬਿਨ ਦਿਲ
ਬਿਨ ਲਹੂ
ਸ਼ਬਦਾਂ ਦਾ ਸੰਸਾਰ ਹਾਂ
ਮੇਰੇ 'ਚ ਭੁੱਖ ਹੈ ਅੰਨ੍ਹ ਨਹੀਂ
ਪਿਆਸ ਹੈ ਜਲ ਨਹੀਂ
ਹੈਵਾਨੀਅਤ ਹੈ
ਇਨਸਾਨੀਅਤ ਨਹੀਂ
ਪਿਆਰ ਸਬਰ ਸੰਤੋਖ਼
ਦਇਆ ਸਾਂਝੀਵਾਲਤਾ ਏਕਤਾ
ਸਰਬੱਤ ਦਾ ਭਲਾ
ਮੇਰੇ ਚੋਂ ਬਨਵਾਸੀ ਹਨ
ਭ੍ਰਿਸ਼ਟਾਚਾਰ
ਰਿਸ਼ਵਤਖੋਰੀ
ਬਦਇਖ਼ਲਾਕੀ ਨਫ਼ਰਤ
ਮੇਰੀ ਦੇਹ ਦੇ ਵਾਸੀ ਹਨ
ਮੇਰੀ ਅਬਾਦੀ ਹਨ
ਮੇਰੀ ਉਦਾਸੀ ਹਨ

-0-

ਮੈਂ ਜੀਵਨ ਸ਼ਬਦ
ਨਾ ਨਿਰਮਲ ਹਾਂ ਨਾ ਸਵੱਛ ਹਾਂ

ਨਾ ਚਿਹਰਾ ਹਾਂ ਨਾ ਦਰਪਣ ਹਾਂ
ਮੈਂ ਆਪਣੇ ਵਿਚਲੇ ਸ਼ਬਦਾਂ ਦੇ
ਲਾਲਚ ਕ੍ਰੋਧ ਹੰਕਾਰ ਨੂੰ
ਆਪਣੇ ਸ਼ਬਦੀ ਸੰਸਾਰ ਵੱਲੋਂ
ਅਰਪਣ ਹਾਂ

-0-

ਮੇਰਾ ਚਿਹਰਾ ਧੁੰਦਲਾ ਹੈ
ਮੇਰੇ ਅੰਗ ਨਕਸ਼
ਮੇਰਾ ਵਜ਼ੂਦ ਤਿੜਕਿਆ ਹੈ
ਮੈਂ ਜਨ ਜੀਵਨ ਦੀਆਂ
ਉਂਗਲਾਂ ਚੋਂ ਕਿਰ ਗਿਆ ਹਾਂ
ਮੈਂ ਆਪਣੀਆਂ
ਨਜ਼ਰਾਂ ਚੋਂ ਹੀ ਗਿਰ ਗਿਆ ਹਾਂ

-0-

ਮੈਂ ਜੀਣਾ ਨਹੀਂ ਚਾਹੁੰਦਾ
ਇਹ ਸ਼ਬਦ
ਮੈਨੂੰ ਮਰਨ ਨਹੀਂ ਦਿੰਦੇ
ਮੇਰੇ ਦੁਆਲੇ ਝੂਠ ਦੀਆਂ
ਏਨੀਆਂ ਉੱਚੀਆਂ
ਦੀਵਾਰਾਂ ਉਸਾਰੀਆਂ ਹਨ
ਕਿ ਮੇਰੀਆਂ ਨਜ਼ਰਾਂ ਨੂੰ
ਝਲਕ ਸੱਚ ਦੀ ਫੜਣ ਨਹੀਂ
ਦਿੰਦੇ
ਇਹ ਸ਼ਬਦ

ਅਰਥ ਦਾ ਰੁੱਖ
ਬੀਜ 'ਚ ਹੀ ਮਾਰ ਦਿੰਦੇ
ਹਨ
ਅਰਥ ਦੇ ਅੰਕੁਰ 'ਚ
ਮੌਤ ਉਤਾਰ ਦਿੰਦੇ ਹਨ

-0-

ਮੇਰਾ ਜੀਵਨ
ਸਿਰ ਤੋਂ ਪੈਰਾਂ ਤੱਕ
ਇਨ੍ਹਾਂ ਸ਼ਬਦਾਂ ਦਾ ਰੂਪ
ਹੋਇਆ ਹੈ
ਇਨ੍ਹਾਂ ਦਾ ਚਿਹਰਾ ਅੰਗ
ਨਕਸ਼ ਤੇ ਵਜ਼ੂਦ ਹੋਇਆ ਹੈ

-0-

ਮੇਰੇ 'ਚ
ਇਨਸਾਨਾਂ ਦੇ ਰੂਪ 'ਚ
ਸ਼ਬਦਾਂ ਦੇ ਹਾਜ਼ੂਮ ਤੁਰਦੇ ਹਨ
ਆਪਣੇ ਜੀਵਨ ਧਰਾਤਲ ਤੇ
ਆਪਣੀ ਸੋਚ ਅਨੁਸਾਰ
ਮੇਰਾ ਵਜ਼ੂਦ ਬੁਣਦੇ ਹਨ
ਜਿਸ ਵਜ਼ੂਦ ਦਾ
ਨਾ ਕੋਈ ਸੱਚ ਹੈ ਨਾ ਇਮਾਨ ਹੈ
ਇਨਸਾਨੀ ਚਿਹਰਿਆਂ 'ਚ
ਕਾਫ਼ਲੇ
ਚਿਹਰਿਆਂ ਦੇ

ਮੇਰੇ ਕਲਬੂਤ 'ਚ ਵਸਦੇ ਹਨ
ਪਰ ਨਾ
ਇਨ੍ਹਾਂ 'ਚ
ਇਨਸਾਨੀਅਤ ਹੈ
ਨਾ ਇਹ ਇਨਸਾਨ ਲੱਗਦੇ ਹਨ

-0-

ਮੈਂ ਜੀਵਨ
ਸ਼ਬਦ ਹਾਂ
ਸ਼ਬਦਾਂ ਤੋਂ ਸ਼ਬਦਾਂ ਤੱਕ ਤੁਰਦਾ ਹਾਂ
ਸ਼ਬਦਾਂ ਚੋਂ
ਸ਼ਬਦਾਂ 'ਚ ਵਿਚਰਦਾ ਹਾਂ
ਸ਼ਬਦ ਤੋਂ ਕਦ ਅਰਥ ਹੋਵਾਂਗਾ
ਕਦ ਆਪਣੇ
ਸੁੱਖ ਦੀ ਪਨਾਹ ਹੋਵਾਗਾ
ਖੜ੍ਹਾ ਹਾਂ ਇਤਜ਼ਾਰ 'ਚ

-----

## ਪੁਨਰ ਜਨਮ

ਉਸ ਬੀਜ ਨੇ ਜੋ ਓੜਿਆ
ਹੰਢਾਇਆ ਸਮਝਿਆ ਤੇ ਸੋਚਿਆ
ਉਸਨੂੰ ਦੁਬਾਰਾ
ਖੇਤਾਂ 'ਚ ਬੀਜਣਾ ਪਏਗਾ
ਪਾਠਸ਼ਾਲਾਂ ਵਿਸ਼ਵ ਵਿਦਿਆਲਿਆਂ
'ਚ ਉੱਗਣਾ ਪਏਗਾ
ਸੁਣਨ ਬੋਲਣ ਤੇ ਵੇਖਣ
ਦ੍ਰਿਸ਼ਟੀਆਂ ਨੂੰ ਜੜ੍ਹਾਂ ਚੋਂ
ਉਤਪਨ ਕਰਨਾ ਪਏਗਾ

-0-

ਤਾਂ ਕਿ
ਉੱਗਣ ਵਾਲੇ ਰੁੱਖ ਨੇ
ਜੋ ਉੱਗਣਾ ਹੈ
ਉਸ ਤੇ ਬੂਰ ਨਾ ਆਵੇ
ਜੋ ਹੰਢਾਉਣਾ ਹੈ
ਉਹ ਮੈਲਾ ਨਾ ਹੋਵੇ
ਜੋ ਸਮਝਣਾ ਹੈ ਉਹ ਭਰਮ ਨਾ ਹੋਵੇ
ਜੋ ਸੋਚਣਾ ਹੈ
ਉਹ ਝੂਠ ਨਾ ਹੋਵੇ

-0-

ਉਸਦੇ ਓੜਣ ਲਈ
ਕਪਾਹ ਦਾ ਬੀਜ ਬਦਲ ਕੇ
ਉੱਗਾਉਣਾ ਪਏਗਾ

ਰੂੰ ਨੂੰ ਦੁਬਾਰਾ
ਪਿੰਜਣਾ ਪਏਗਾ
ਨਵੇਂ ਤਕਲੇ ਤੇ ਕੱਤਣਾ ਪਏਗਾ
ਫਿਰ ਉਸਦੀ ਓੜਣੀ ਨੂੰ
ਨਵੀਆਂ ਸਿਲਾਈਆਂ ਤੇ
ਬੁਨ੍ਹਣਾ ਪਏਗਾ
ਤਾਂ ਕਿ ਉਹ ਓੜਣੀ ਚੋਂ
ਸਾਫ਼ ਸਾਫ਼ ਨਜ਼ਰ ਆਵੇ
ਨਾ ਓੜਣੀ ਤੇ
ਨਾ ਉਸਦੇ ਵਜ਼ੂਦ ਤੇ ਬੂਰ ਆਵੇ

-0-

ਉਸਨੇ ਜੋ ਹੰਢਾਇਆ ਹੈ
ਜੀਵਨ ਪ੍ਰਯੋਗਸ਼ਾਲਾ 'ਚ
ਪ੍ਰਯੋਗ ਕੇ
ਧੋ ਕੇ ਨਿਚੋੜ ਸੁੱਕਾ ਕੇ
ਸੁਆਰ ਕੇ
ਜੀਵਨ ਦੀਆਂ ਰਗਾਂ 'ਚ
ਦੌੜਦੇ ਲਹੂ 'ਚ
ਘੋਲਣਾ ਪਏਗਾ
ਜੀਵਨ ਦੇ ਧੜਕਦੇ ਦਿਲ
ਵਜ਼ੂਦ ਅੰਗਾਂ ਨਕਸ਼ਾਂ 'ਚ
ਉਤਾਰਨ਼ਾ ਪਏਗਾ

-0-

ਤਾਂ ਕਿ ਉੱਗਣ ਵਾਲਾ ਰੁੱਖ
ਜਦ ਜੀਵਨ ਚੋਂ ਗੁਜ਼ਰੇ

ਤਾਂ ਜੀਵਨ ਦਾ ਸੱਚ ਹੰਢਾਏ
ਜੀਵਨ ਦਾ ਮੈਲਾਪਣ ਹਨ੍ਹੇਰਾ
ਅਸਪਸ਼ਟਤਾ
ਉਸਨੂੰ ਜੀਵਨ ਧਰਾਤਲ ਤੇ
ਨਜ਼ਰ ਨਾ ਆਏ
ਜੀਵਨ ਚੋਂ ਗੁਜ਼ਰ ਕੇ
ਉਹ ਜੋ ਵੀ ਅਭੀਵਿਅਕਤ ਕਰੇ
ਜੀਵਨ ਦਾ ਸੱਚ ਕਹਾਏ

-0-

ਉਸਨੇ ਜੋ ਸਮਝਿਆ ਹੈ
ਉਸਨੂੰ ਪਾਠਸ਼ਾਲਾਂ 'ਚ
ਕੈਦਿਆਂ ਪੁਸਤਕਾਂ
ਗ੍ਰੰਥਾਂ ਸ਼ਾਸਤਰਾਂ ਦੀ
ਧਰਤੀ ਵਾਹ ਸੁਹਾਗ ਕੇ
ਨਵੇਂ ਵਿਦਿਅਕ ਬੀਜਾਂ ਨੂੰ
ਉੱਗਾਇਆ ਜਾਏ
ਜਿੱਥੇ ਵਿੱਦਿਆ
ਗਿਆਨ ਰੌਸ਼ਨੀ ਵਿਗਿਆਨ
ਤੇ ਦਰਸ਼ਨ
ਮਨੁੱਖ ਨੂੰ ਪ੍ਰਦਾਨ ਕਰਦੀ ਹੈ
ਉੱਥੇ ਵਿਦਿਅਕ ਬੀਜਾਂ ਨੂੰ

ਚੜ੍ਹੀ ਸਿਆਣਪ ਦੀ ਪੁੱਠ
ਮਨੁੱਖ ਨੂੰ ਮਨੁੱਖੀ ਗਿਆਨ
ਸ਼ਕਤੀ ਦੀ ਵਰਤੋਂ ਦੇ ਰਾਹ
ਮਨੁੱਖਤਾ ਅਨੁਕੂਲ ਦਰਸਾ
ਸਕੇ
ਤਾਂ ਕਿ
ਉੱਗਣ ਵਾਲਾ ਰੁੱਖ
ਆਪਣੀ ਸਿਆਣਪ
ਮੁਤਾਬਕ
ਜੀਵਨ ਦਾ ਸੂਰਜ ਉੱਗਾ
ਸਕੇ

-0-

ਜੋ ਉਸ ਨੇ ਸੋਚਿਆ
ਜੀਵਨ ਦੀਆਂ ਬੋਲਣ
ਸੁਣਨ ਤੇ ਵੇਖਣ ਦੀਆਂ
ਪ੍ਰਵਿਰਤੀਆਂ ਲਈ
ਜੀਵਨ ਦੀਆਂ ਜੜ੍ਹਾਂ ਨੂੰ
ਹੋਰ ਵੀ ਡੂੰਘਾ ਖੋਦ ਕੇ
ਜੀਵਨ ਦੇ ਅਸਲ ਸੱਚ ਨੂੰ
ਉਸਦੀ ਸੋਚ ਦਾ ਜ਼ਰੀਆ
ਬਣਾਇਆ ਜਾ ਸਕੇ

-0-

ਤਾਂ ਕਿ ਬੀਜ ਚੋਂ
ਉੱਗਣ ਵਾਲੇ ਰੁੱਖ ਦੀ ਸੋਚ

ਵਿਸ਼ਾਲ ਸਾਕਾਰਆਤਮਕ
ਤੇ ਬਹੁ-ਅਨੁਭਵੀ ਹੋ ਸਕੇ
ਵੱਖ ਵੱਖ ਰੰਗਾਂ ਜਾਤਾਂ
ਨਸਲਾਂ ਦੇ ਮਨੁੱਖਾਂ ਨੂੰ
ਜਿਨ੍ਹਾਂ ਦਾ ਸੱਚ
ਸਿਰਫ਼ ਮਨੁੱਖ ਤੇ ਮਨੁੱਖਤਾ ਹੈ
ਸਮਝ ਸਕੇ

-0-

ਇਹ ਸਭ ਕੁੱਝ
ਉੱਗਣ ਵਾਲਾ ਰੁੱਖ ਓੜ੍ਹੇਗਾ
ਸਮਝੇਗਾ ਹੰਢਾਏਗਾ ਸੋਚੇਗਾ
ਤਾਂ ਉਸਦੇ ਪੱਤਿਆਂ ਚੋਂ
ਹਰਿਆਵਲ
ਤਣੇ ਚੋਂ ਮਹਿਕ
ਟਹਿਣੀਆਂ 'ਤੇ
ਅੰਮ੍ਰਿਤ ਫੱਲ ਲੱਗਣਗੇ

-0-

ਉਸਦੀ ਛਾਂ ਹੇਠ ਬੈਠਾ
ਹਰ ਮੁਸਾਫ਼ਿਰ
ਉਸ ਰੁੱਖ ਦਾ
ਹਰ ਮੁਸਾਫ਼ਿਰ ਦਾ
ਉਹ ਰੁੱਖ ਹੋ ਜਾਏਗਾ
ਉਸਦੀਆਂ ਜੜ੍ਹਾਂ ਚੋਂ
ਜੀਵਨ ਦਮ ਭਰੇਗਾ

ਉਸਦੇ ਆਕਾਰ ਨੂੰ
ਸਮਾਂ ਸਿੰਜਦਾ ਕਰੇਗਾ
ਸੂਰਜਾਂ ਦੇ ਕਾਫ਼ਲੇ
ਉਹ ਮਨੁੱਖ ਤੇ ਮਨੁੱਖਤਾ ਦੀ
ਤਲੀ ਤੇ ਧਰੇਗਾ

-0-

ਮਨੁੱਖਤਾ ਦੇ ਵਿਹੜੇ
ਰਹਿਮਤਾਂ ਤੇ ਨਿਹਮਤਾਂ ਦਾ
ਮੀਂਹ ਵਰ੍ਹੇਗਾ
ਪਿਆਰ 'ਚ ਭਿੱਜ ਜਾਏਗੀ
ਸ੍ਰਿਸ਼ਟੀ
ਇਕ ਅੱਖ 'ਚ
ਸਾਂਝੀਵਾਲਤਾ ਦਾ ਅੱਥਰੂ
ਇਕ ਅੱਖ 'ਚ
ਸਰਬੱਤ ਦੇ ਭਲੇ ਦਾ
ਅੱਥਰੂ ਤਰੇਗਾ
ਧਰਤੀ ਤੇ
ਮਨੁੱਖਤਾ ਦਾ ਸੱਚ ਤੁਰੇਗਾ
ਅੰਬਰ ਚੋਂ
ਨਵ-ਜੀਵਨ ਦਾ ਸੂਰਜ ਚੜ੍ਹੇਗਾ

-----

## ਅਜ਼ਨਬੀ ਮਹਿਕ

ਉਹ ਰੁੱਖ ਤਾਂ ਸੀ
ਪਰ ਉਸ ਦੀਆਂ ਜੜ੍ਹਾਂ
ਟਹਿਣੀਆਂ ਪੱਤਿਆਂ ਫੁੱਲਾਂ
ਫੱਲਾਂ ਬੀਜ 'ਚ ਚੁੱਪ ਸੀ
ਉਸਨੇ
ਆਪਣੇ ਲੱਕ ਦੁਆਲੇ
ਸਿਰ ਤੋਂ ਪੈਰਾਂ ਤਕ
ਚੁੱਪ ਓੜ ਰੱਖੀ ਸੀ

-0-

ਉਸ ਦੇ ਦਰ ਤੇ
ਜੀਵਨ ਦੇ ਪੰਜੇ ਤੱਤ ਆਏ
ਪਰ ਉਹ
ਕੁੱਝ ਨਾ ਬੋਲਿਆ
ਕਿਉਂਕਿ
ਉਹ ਜੀਵਨ ਸ਼ੋਰ ਤੋਂ ਵਾਕਿਫ਼
ਸੀ

-0-

ਉਹ ਸ਼ੋਰ ਤੋਂ ਚੁੱਪ ਵੱਲ
ਪਰਤਿਆ
ਚੁੱਪ ਤੋਂ ਉਪਰਾਮਤਾ 'ਚ ਘਿਰ
ਗਿਆ
ਉਸਨੇ ਆਪਣਾ ਆਪਾ
ਹਵਾ 'ਚ ਲਟਕਦਾ ਪਾਇਆ

ਨਾ ਉਹ ਧਰਤ ਦਾ
ਨਾ ਉਹ ਅੰਬਰ ਦਾ ਰਿਹਾ
ਆਪਣੀ ਹੋਂਦ ਗੁਆ ਕੇ
ਉਹ ਏਨਾ ਉਦਾਸ ਹੋ ਗਿਆ
ਕਿ ਰੂਹ ਦੇ ਸਕੂਨ ਦੀ
ਤਲਾਸ਼ 'ਚ ਖੋਹ ਗਿਆ

-0-

ਇਕ ਅਜ਼ਨਬੀ ਮਹਿਕ
ਉਸਦਾ ਦਰ ਖੜਕਾਇਆ
ਅਜ਼ਨਬੀ ਮਹਿਕ ਨੂੰ ਵੇਖ
ਉਹ ਆਪੇ ਤੋਂ ਬਾਹਰ ਆ ਗਿਆ
ਚੁੱਪ ਤੇ ਸ਼ੋਰ ਤਿਆਗ
ਉਪਰਾਮਤਾ ਦਾ ਮਾਰਿਆ ਰੁੱਖ
ਉਸ ਅਜ਼ਨਬੀ ਮਹਿਕ ਦੇ
ਸਾਥ ਹੋ ਗਿਆ

-----

## ਤਲਾਸ਼ ਤੋਂ ਤਲਾਸ਼ ਤਕ

ਉਹ ਘਰੋਂ ਨਿਕਲਿਆ
ਖ਼ੁਸ਼ੀ ਦੀ ਤਲਾਸ਼ 'ਚ
ਖ਼ੁਸ਼ੀ ਜੋ ਉਸਨੂੰ ਘਰ ਬਿਠਾ
ਹੁਣੇ ਆਈ ਕਹਿ ਗਈ ਸੀ!

-0-

ਉਹ
ਘਰ 'ਚ ਬਲਦਾ ਦੀਵਾ ਛੱਡ
ਘਰ ਦਾ ਬੂਹਾ ਖੋਲ੍ਹ
ਘਰ ਦੀ ਚਾਰਦੀਵਾਰੀ ਨੂੰ
ਇਹ ਸੋਚ ਕੇ ਤਿਆਗ ਗਿਆ
ਜੇ ਖ਼ੁਸ਼ੀ
ਦਿਨੇ ਘਰ ਪਰਤੇਗੀ
ਤਾਂ ਖੁੱਲ੍ਹਾ ਬੂਹਾ ਦਰਸਾਏਗਾ
ਉਹ ਘਰ ਹੈ
ਜੇ ਖ਼ੁਸ਼ੀ ਰਾਤ ਨੂੰ ਪਰਤੇਗੀ
ਤਾਂ ਜਗਦਾ ਦੀਵਾ ਖ਼ੁਸ਼ੀ ਲਈ
ਉਸਦੇ ਘਰ ਹੋਣ ਦਾ ਪ੍ਰਤੀਕ ਹੋਵੇਗਾ

-0-

ਨਾ ਖ਼ੁਸ਼ੀ ਘਰ ਹੀ ਪਰਤੀ
ਨਾ ਉਸਦੀ ਤਲਾਸ਼ ਹੀ ਮੁੱਕੀ
ਉਸਨੇ ਵੇਖਿਆ
ਜਿਸ ਅੰਬਰ ਦੀ ਛੱਤ ਹੇਠ
ਜਿਸ ਧਰਤ ਤੇ ਉਹ ਤੁਰ ਰਿਹਾ ਸੀ
ਉਹ ਦੋਵੇਂ ਹੀ ਅਲੋਪ ਸਨ

ਨਾ ਉਸਦੇ ਸਿਰ ਤੇ
ਅੰਬਰ ਸੀ
ਨਾ ਪੈਰਾਂ 'ਚ ਧਰਤ ਸੀ

-0-

ਉਸਦੇ ਅੱਗੇ
ਇਕ ਖੁੱਲ੍ਹਾ ਦਰ ਸੀ
ਬਲਦਾ ਦੀਵਾ ਸੀ
ਉਸਦੇ ਪਿੱਛੇ ਇਕ ਬੰਦ ਦਰ ਸੀ
ਬੁੱਝਿਆ ਦੀਵਾ ਸੀ
ਨਾ ਖੁਸ਼ੀ ਉਸਦੇ ਘਰ ਸੀ
ਨਾ ਉਹ ਖੁਸ਼ੀ ਦੇ ਘਰ ਸੀ
ਤਲਾਸ਼ ਤੋਂ ਤਲਾਸ਼ ਦਾ ਸਫ਼ਰ ਸੀ
ਇਕ ਦਾ ਆਗਾਜ਼ ਸੀ
ਇਕ ਦਾ ਹਸ਼ਰ ਸੀ

-----

# ਸਾਡੇ ਨਾਲ ਨਾ ਖੜ੍ਹੋ

ਐ ਗੁਜ਼ਰੇ ਸਮੇਂ
ਵਰਤਮਾਨ ਨਾਲ ਨਾ ਖੜ੍ਹ
ਵਰਤਮਾਨ ਨਾਲ ਤੁਰ
ਵਰਤਮਾਨ ਨੂੰ ਸਕੂਲੇ ਨਾ ਭੇਜ
ਵਰਤਮਾਨ ਨਾਲ ਸਕੂਲ
ਜਾ
ਵਰਤਮਾਨ ਨੂੰ ਸਕੂਲੋਂ ਲਿਆ

-0-

ਐ ਗੁਜ਼ਰੇ ਸਮੇਂ
ਵਰਤਮਾਨ ਜੋ ਵਰਤਮਾਨ 'ਚ
ਸੋਚਦਾ ਹੈ
ਭਵਿੱਖ ਲਈ ਸਿਰਜਦਾ ਹੈ
ਐ ਗੁਜ਼ਰੇ ਸਮੇਂ
ਤੈਨੂੰ ਉਹ ਸੋਚਣ ਸਮਝਣ
ਦੀ ਲੋੜ ਨਹੀਂ
ਬਲਕਿ
ਜਿਉਣ ਤੇ ਹੰਢਾਉਣ ਦੀ
ਲੋੜ ਹੈ
ਤਾਂ ਕਿ ਤੂੰ ਜਾਣ ਸਕੇਂ
ਵਰਤਮਾਨ ਦੇ ਪੁੱਟੇ ਕਦਮ
ਹਨ੍ਹੇਰਿਆਂ ਦੇ ਨਹੀਂ
ਸੂਰਜਾਂ ਦੇ ਹਮਸਫ਼ਰ ਹਨ

-0-

ਐ ਗੁਜ਼ਰੇ ਸਮੇਂ
ਗੁਜ਼ਰਦਾ ਸਮਾਂ
ਤੇਰਾ ਹੀ ਸਾਇਆ ਹੈ
ਜੋ ਤੇਰੀ ਦੇਹ ਤੋਂ ਲੰਮੇਰਾ
ਹੋ ਗਿਆ ਹੈ
ਆਪਣੇ ਸੱਚ ਦੀ ਭਾਲ
ਹੋ ਗਿਆ ਹੈ
ਜੋ ਬੋਲਦਾ ਸੁਣਦਾ ਵੇਖਦਾ ਹੈ
ਉਸਨੂੰ
ਜੀਵਨ ਦਾ ਸੱਚ ਬਣਾਉਂਦਾ ਹੈ
ਆਪਣੀ ਹੋਂਦ 'ਚ
ਢਾਲਦਾ ਹੈ
ਆਪਣੇ ਲਹੂ 'ਚ ਉਤਾਰਦਾ ਹੈ

−0−

ਤੈਨੂੰ ਵੇਖਣ ਸੁਣਨ
ਅਨੁਭਵ ਕਰਨ ਦੀ ਲੋੜ ਨਹੀਂ
ਆਪਣੇ ਲਹੂ 'ਚ
ਬੀਜਣ ਦੀ ਲੋੜ ਹੈ
ਆਪਣੇ ਸਾਹਾਂ 'ਚ ਜੀਣ ਦੀ
ਲੋੜ ਹੈ
ਐ ਗੁਜ਼ਰੇ ਸਮੇਂ
ਤੈਨੂੰ ਆਪਣੇ ਭਵਿੱਖ ਦੀ
ਜ਼ੁਬਾਨ ਤੇ ਬਹਿ ਕੇ
ਬੋਲਣ ਦੀ ਲੋੜ ਹੈ

−0−

ਤਾਂ ਕਿ ਤੂੰ ਜਾਣ ਸਕੇਂ
ਤੇਰਿਆਂ ਹੱਥਾਂ ਦੀਆਂ ਉਂਗਲਾਂ ਚੋਂ
ਕਿਰਦਾ ਜਾ ਰਿਹਾ
ਤੇਰਾ ਭਵਿੱਖ ਨਹੀਂ
ਤੇਰੇ ਭੂਤ 'ਚ ਸੁੰਘੜਦਾ
ਜਾ ਰਿਹਾ ਹੈ
ਤੇਰਾ ਵਰਤਮਾਨ ਨਹੀਂ
ਸਗੋਂ ਭਵਿੱਖ 'ਚ ਫੈਲਦਾ
ਜਾ ਰਿਹਾ
ਤੇਰਾ ਨੂਰ ਹੈ
ਤੇਰੇ ਸਾਏ 'ਚ ਤੁਰਦਾ
ਤੇਰੀ ਦੇਹ ਦਾ ਸੱਚ ਤੇਰੇ ਹਜ਼ੂਰ ਹੈ

-0-

ਐ ਗੁਜ਼ਰੇ ਸਮੇਂ
ਵਰਤਮਾਨ ਨਾਲ
ਜੇ ਮੁਸਲਸਲ ਤੁਰੇਂਗਾ
ਤਾਂ ਜਾਣੇਂਗਾ
ਕਿ ਵਰਤਮਾਨ
ਤੇਰੀ ਚੇਤਨਾ ਦਾ ਹੀ ਸੰਕਲਪ
ਸਿਰਜ ਰਿਹਾ ਹੈ
ਜੋ ਤੂੰ ਸਿਰਜਦਾ ਸਿਰਜਦਾ
ਉਸ ਤੋਂ ਬਹੁਤ ਅੱਗੇ
ਨਿਕਲ ਆਇਆਂ ਸੈਂ

ਤੇ ਉਹ ਤੇਰੇ ਭਵਿੱਖ ਦੀ ਥਾਂ
ਤੇਰਾ ਭੂਤ ਬਣਕੇ ਰਹਿ ਗਿਆ ਸੀ
ਸੰਕਲਪ ਚੋਂ ਜਨਮੇਂ ਅਰਥਾਂ ਦਾ
ਸੱਚ ਧੁੰਦਲਾ ਪੈ ਗਿਆ ਹੈ

-0-

ਐ ਗੁਜ਼ਰੇ ਸਮੇਂ
ਇਸ ਵਰਤਮਾਨ ਦਾ
ਆਪਣਾ ਆਗਾਜ਼
ਆਪਣਾ ਹਸ਼ਰ ਹੈ
ਇਸਦਾ ਕੋਈ ਭੂਤ ਨਹੀਂ
ਇਹ ਭਵਿੱਖ ਤੋਂ ਵਰਤਮਾਨ
ਵਰਤਮਾਨ ਤੋਂ ਭਵਿੱਖ ਦਾ ਸਫ਼ਰ ਹੈ

-----

## ਘਰ ਚੋਂ ਨਿਕਲੀ ਸੜਕ

ਉਹ ਮੇਰੇ ਘਰ ਆਇਆ
ਮੈਨੂੰ ਬੋਲਿਆ
ਤੂੰ ਮੈਨੂੰ ਜਾਣਦਾ ਹੈਂ
ਮੈਂ ਕੌਣ ਹਾਂ
ਮੈਂ ਸੜਕ ਦੀ ਕੁੱਖ ਚੋਂ
ਜਨਮਿਆਂ
ਸੜਕ ਦੀ ਗੋਦ 'ਚ ਖੇਡਿਆ
ਤੇ ਜਵਾਨ ਹੋਇਆ
ਆਪਣੇ ਦਰਪਣ 'ਚ
ਤੇਰਾ ਤਰਲ ਚਿਹਰਾ ਹਾਂ

–0–

ਸੜਕ ਜੋ
ਸਾਰੇ ਸ਼ਹਿਰ 'ਚ ਘੁੰਮਦੀ ਹੈ
ਤੇਰੇ ਦਰ ਤੋਂ ਸ਼ੁਰੂ ਹੋ ਕੇ
ਤੇਰੇ ਦਰ ਤੇ ਮੁੱਕਦੀ ਹੈ
ਸਾਰੇ ਸ਼ਹਿਰ 'ਚ ਫੈਲੀ ਹੈ
ਤੇਰੇ ਘਰ 'ਚ ਸਿਮਟੀ ਹੈ

–0–

ਮੈਂ ਆਖਿਆ
ਮੈਂ ਤਾਂ ਆਪਣਾ ਆਪ ਵੀ
ਨਹੀਂ ਜਾਣਦਾ
ਨਹੀਂ ਪਹਿਚਾਣਦਾ
ਸਦੀਆਂ ਪਹਿਲਾਂ
ਮੈਂ ਆਪਣੀ ਭਾਲ 'ਚ ਗੁਆਚਾ ਸਾਂ

ਅੱਜ ਤਕ ਨਹੀਂ ਪਰਤਿਆ
ਮੈਂ ਤੈਨੂੰ
ਕਿਵੇਂ ਜਾਣ ਸਕਦਾ ਹਾਂ
ਮੈਂ ਤੈਨੂੰ
ਕਿਵੇਂ ਪਹਿਚਾਣ ਸਕਦਾ ਹਾਂ

-0-

ਉਹ ਬੋਲਿਆ
ਮੈਂ ਤੈਨੂੰ ਆਪਣਾ ਸਮਝ ਕੇ
ਤੇਰੇ ਘਰ ਆਇਆ ਸਾਂ
ਮੈਂ ਤੇਰਾ ਹੀ ਸਾਇਆ ਹਾਂ
ਆਪਣੇ ਸੱਚ ਦੀ ਤਲਾਸ਼ 'ਚ
ਤੇਰੇ ਦਰ ਆਇਆ ਹਾਂ
ਪਰ ਤੂੰ ਤਾਂ ਮੇਰਾ ਸੱਚ ਨਹੀਂ
ਆਖ ਕੇ
ਉਹ ਘਰੋਂ ਬਾਹਰ ਨਿਕਲ
ਗਿਆ
ਆਪਣੇ ਸੱਚ ਦੀ ਤਲਾਸ਼ 'ਚ
ਵਾਪਸ ਪਰਤ ਗਿਆ

-0-

ਮੈਂ ਜਦ ਉਸਦੀ ਕੰਡ ਤੱਕੀ
ਉਸਦੀ ਕੰਡ ਚੋਂ
ਮੈਨੂੰ
ਮੇਰਾ ਚਿਹਰਾ ਨਜ਼ਰ ਆਇਆ
ਜਿਸ ਸੱਚ ਨੂੰ ਭਾਲਦੇ

ਮੈਂ ਉਮਰ ਗੁਜ਼ਾਰੀ ਸੀ
ਉਹ ਸੱਚ
ਮੇਰੇ ਦਰ ਤੇ ਆ ਕੇ ਮੁੜ ਗਿਆ
ਸੜਕ ਦੀ ਕੁੱਖ ਨਜ਼ਰ ਆਈ
ਘਰ ਆ ਕੇ ਪਰਤੇ ਸੱਚ ਦੀ
ਹੋਂਦ ਸਿਰਜਣ ਲਈ
ਮੈਨੂੰ ਮੇਰੀ ਭੁੱਖ ਨਜ਼ਰ ਆਈ

-0-

ਉਸਨੂੰ
ਸੜਕ ਦੀ ਕੁੱਖ 'ਚ ਸਿਰਜਦਿਆਂ
ਮੈਂ ਉਸ ਤੋਂ
ਸੜਕ ਦੀ ਕੁੱਖ ਤੋਂ
ਆਪਾ ਛੁਪਾਇਆ ਸੀ
ਤਾਂ ਕਿ ਉਹ ਵੀ
ਤੇ ਸੜਕ ਵੀ
ਇਹ ਜਾਣ ਨਾ ਸਕਣ
ਮੈਂ ਕੌਣ ਹਾਂ
ਸੱਚ ਨੂੰ ਸਿਰਜਦਿਆਂ
ਮੈਂ ਝੂਠ ਦਾ ਬੁਰਕਾ ਪਾਇਆ ਸੀ

-0-

ਸੜਕ ਤੇ ਸੜਕ ਦੀ ਕੁੱਖ 'ਚ
ਸਿਰਜੇ ਗਏ ਵਜੂਦ ਨੇ
ਮੈਨੂੰ ਤਾਂ ਪਹਿਚਾਣ ਲਿਆ
ਪਰ ਆਪਣੀ ਪਹਿਚਾਣ

ਮੇਰੇ ਤੋਂ ਛੁਪਾ ਲਈ
ਮੇਰੀ ਵਾਸ਼ਨਾ ਦੀ ਭੁੱਖ ਨੇ
ਤ੍ਰੈਮੁੱਖੀ ਅਜ਼ਨਬੀ ਦੀਵਾਰ
ਮੇਰੀ ਕੁੱਖ ਤੇ ਉਸਦੇ ਵਜ਼ੂਦ 'ਚ
ਉੱਗਾ ਲਈ

-0-

ਅੱਜ ਜਦ
ਉਹ ਮੇਰੇ ਘਰ ਆਇਆ
ਤਾਂ ਉਸਦੇ ਪਾਸੇ ਵਾਲੀ
ਅਜ਼ਨਬੀ ਦੀਵਾਰ ਤਿੜਕੀ
ਸੀ
ਉਸਦੀ ਪਿੱਠ ਚੋਂ
ਇਕ ਖਿੜਕੀ ਖੁੱਲ੍ਹੀ ਸੀ
ਜਿਸ ਚੋਂ ਮੈਂ ਤੱਕਿਆ
ਕਿ ਮੇਰਿਆਂ ਹੱਥਾਂ ਦੀਆਂ
ਹੀ ਉਂਗਲਾਂ ਚੋਂ
ਮੇਰਾ ਭਵਿੱਖ ਕਿਰ ਗਿਆ
ਮੇਰਾ ਹੀ ਸਾਇਆ
ਮੇਰੀ ਦੇਹ ਛੱਡ ਗਿਆ
ਮੇਰੇ ਅੰਸ਼ ਦਾ ਅੱਥਰੂ
ਮੇਰੀ ਅੱਖ ਚੋਂ ਗਿਰ ਗਿਆ
ਇਹ ਉਹੀ ਸੱਚ ਸੀ
ਜਿਸਦੀ ਤਲਾਸ਼ 'ਚ
ਮੈਂ ਗੁਆਚ ਗਿਆ ਸੀ

-0-

ਅੱਜ ਫਿਰ ਮੇਰੇ ਘਰ ਚੋਂ
ਕੋਈ ਸੜਕ ਨਿਕਲੀ ਸੀ
ਅੱਜ ਫਿਰ ਮੇਰੇ ਘਰ ਦੀ
ਕੋਈ ਅਜ਼ਨਬੀ ਦੀਵਾਰ
ਤਿੜਕੀ ਸੀ
ਫਿਰ ਸੱਚ ਨੂੰ
ਅੱਜ ਸੱਚ ਨਜ਼ਰ ਆਇਆ ਹੈ
ਫਿਰ ਸੱਚ ਨੂੰ
ਅੱਜ ਸੱਚ ਨੇ ਕਿਉਂ ਛੁਪਾਇਆ ਹੈ

-----

# ਔਰਤ

ਉਸ ਨੇ
ਜਦ ਓੜਣੀ ਧੋ ਕੇ
ਸੁੱਕਣੇ ਪਾਈ
ਤਾਂ
ਉਹ ਓੜਣੀ ਨਹੀਂ ਸੀ
ਉਸ ਆਪਣੀ ਰੂਹ ਤੋਂ
ਆਪਣਾ ਜਿਸਮ ਉਤਾਰ
ਸੁੱਕਣੇ ਪਾਇਆ ਸੀ

-0-

ਤਾਂ ਕਿ ਉਸ ਚੋਂ
ਤੰਦ ਮੈਲ ਹਨ੍ਹੇਰਾ ਭਰਮ
ਝੂਠ ਨੁਚੜ ਜਾਏ
ਉਸ 'ਚ ਰੌਸ਼ਨੀ ਤੇ ਸੂਰਜ ਦਾ
ਤੇਜ਼ ਉਤਰ ਆਏ

-0-

ਤਾਂ ਕਿ
ਉਹ ਔਰਤ ਦੇ ਵੱਖ ਵੱਖ
ਰੂਪਾਂ 'ਚ
ਭਾਵੇਂ ਵੰਡੀ ਰਹੇ
ਪਰ ਉਸਦੀ ਅੰਦਰਲੀ
ਔਰਤ ਦਾ ਚਿਹਰਾ ਨਾ ਤਿੜਕੇ

-0-

ਉਹ ਆਪਣੇ ਵਿਚਲੀ
ਔਰਤ ਨੂੰ

ਆਪਣੇ
ਇਕ ਰੂਪ ਨਾਲ ਨਾ ਬੰਨ੍ਹੇ
ਉਹ ਸਿਰਫ਼ ਸੱਸ ਹੀ ਨਾ ਰਹੇ
ਨੂੰਹ ਵੀ ਰਹੇ
ਪਤਨੀ ਹੀ ਨਾ ਰਹੇ ਧੀ ਵੀ ਰਹੇ

-0-

ਉਸ ਵਿਚਲੀ ਔਰਤ ਦੀ
ਮਮਤਾ
ਨੂੰਹ ਵੀ ਹੰਢਾਏ ਧੀ ਵੀ
ਹੰਢਾਏ
ਔਰਤ ਦੇ ਹਰ ਰੂਪ 'ਚ
ਉਹ ਇਕ ਸਮਾਨ ਵਿਚਰਦੀ
ਨਜ਼ਰ ਆਏ
ਉਹ ਜਦ ਵੀ ਤੱਕੇ
ਉਸਨੂੰ ਔਰਤ ਵਿਚਲਾ
ਸੱਚ ਹੀ ਨਜ਼ਰ ਆਏ
ਉਹ ਜਦ ਵੀ ਸੁਣੇ
ਔਰਤ ਦੇ ਸੱਚ ਦਾ ਅਰਥ
ਸੁਣੇ
ਉਹ ਜਦ ਵੀ ਬੋਲੇ
ਔਰਤ ਦਾ ਸੱਚ ਹੀ ਬੋਲੇ

-0-

ਉਹ ਵੱਖ ਵੱਖ ਇੱਟਾਂ ਦੀ
ਚਿਣੀ ਦੀਵਾਰ ਨਾ ਲੱਗੇ

ਆਪਣੇ ਵੱਖ ਵੱਖ ਰੂਪਾਂ 'ਚ
ਆਪਣੀ ਅੰਦਰਲੀ
ਔਰਤ ਦਾ ਸੱਚ ਕਾਇਮ ਰਖੇ
ਔਰਤ ਦੇ ਹਰ ਰੂਪ 'ਚ
ਔਰਤ ਦਾ ਸੱਚ ਸਹਿਕਾਰਿਆ
ਲੱਗੇ
ਤਾਂ ਹੀ
ਉਹ ਨੂੰਹ ਦਾ ਧੀ ਦਾ
ਪਤਨੀ ਦਾ ਮਾਂ ਦਾ
ਅਸਲ ਸੱਚ ਜਾਣ ਸਕਦੀ ਹੈ
ਔਰਤ ਚੋਂ ਔਰਤ
ਪਹਿਚਾਣ ਸਕਦੀ ਹੈ

-----

## ਇਕ ਆਪਣੇ ਸਿਵਾ

ਉਸ ਦੀ ਤਲਾਸ਼ 'ਚ
ਉਹ ਵੇਦਾਂ ਸ਼ਾਸਤਰਾਂ
ਗ੍ਰੰਥਾਂ ਦਾ
ਅੱਖਰ ਅੱਖਰ ਹੋਇਆ
ਅਰਥਾਂ 'ਚ ਤਰਿਆ
ਜਿਸਦਾ ਸੱਚ ਤੇ ਵਜ਼ੂਦ
ਵੇਦ ਸ਼ਾਸਤਰ ਉਚਾਰਦੇ ਹਨ
ਜਿਸਦਾ ਸੰਕਲਪ
ਅਰਥ ਹਰ ਬਾਬ ਤੇ
ਸਹਿਕਾਰਦੇ ਹਨ

-0-

ਉਹ ਕਈ ਸਦੀਆਂ
ਵੇਦਾਂ ਸ਼ਾਸਤਰਾਂ ਦੇ ਪਿੰਡੇ
ਹੰਗਾਲਦਾ ਰਿਹਾ
ਔਖੀਆਂ ਤੇ ਮੁਸ਼ਕਲ
ਘਾਟੀਆਂ ਚੜ੍ਹਦਾ ਰਿਹਾ
ਆਪਣੇ ਲਖਸ਼ ਦੀ
ਪ੍ਰਾਪਤੀ ਲਈ
ਮਰ ਮਰ ਕੇ ਜਿਉਂਦਾ ਰਿਹਾ
ਜਿਓ ਜਿਓ ਕੇ ਮਰਦਾ ਰਿਹਾ

-0-

ਰਿਸ਼ੀਆਂ ਮੁਨੀਆਂ
ਸਾਧੂਆਂ ਸੰਤਾਂ ਦੇ ਦਰਾਂ ਤੇ

ਸਿੱਜ਼ਦੇ ਕਰਦਾ ਰਿਹਾ
ਉਸਨੂੰ ਜਾਣਨ ਲਈ
ਸੂਈ ਦੇ ਨੱਕੇ ਚੋਂ ਗੁਜ਼ਰਦਾ
ਰਿਹਾ

-0-

ਪਹਿਲੇ ਦੁਆਰ ਤੋਂ ਦੂਜੇ
ਦੂਜੇ ਤੋਂ ਤੀਜੇ
ਇਸ ਤਰ੍ਹਾਂ
ਜਦ ਉਹ ਦਸਵੇਂ ਤੇ ਪਹੁੰਚਿਆ
ਜੋ ਉਸਦੀ ਦੇਹ ਵਿਸ਼ਵ ਦੀ
ਸਭ ਤੋਂ ਉੱਚੀ ਚੋਟੀ ਸੀ
ਜਿਸਦੀ ਉਸਨੂੰ ਤਲਾਸ਼ ਸੀ

-0-

ਦਸਵੇਂ ਦੁਆਰ ਤੇ ਪਹੁੰਚ ਕੇ
ਉਹ ਬੜਾ ਹੈਰਾਨ ਪਰੇਸ਼ਾਨ
ਤੇ ਉਦਾਸ ਹੋਇਆ
ਕਿ ਉਥੇ ਤਾਂ ਕੋਈ ਵੀ ਨਹੀਂ ਸੀ
ਇਕ ਉਸਦੇ ਆਪੇ ਤੋਂ ਸਿਵਾ

-----

## ਜਦ ਸਮਝ ਆਈ

ਸਦੀਆਂ ਤੋਂ ਪਾਉਂਦੇ ਦੁਹਾਈ
ਜ਼ਿੰਦਗੀ ਦੇ ਸੱਚ ਨੇ
ਦਿੱਤੀ ਸੁਣਾਈ
ਸੱਚ ਜੋ ਕਲਮਾਂ ਅਦੀਬਾਂ
ਅਣਗੌਲਿਆ
ਸੱਚ ਜੋ ਭਰਮ ਦੀ ਤੱਕੜੀ
'ਚ ਤੋਲਿਆ
ਸੱਚ ਜੋ ਅੱਜ
ਜ਼ਿੰਦਗੀ ਸਿਰ ਚੜ੍ਹਕੇ ਬੋਲਿਆ

–0–

ਤੱਕਿਆ ਚਿੱਕੜ ਦੇ ਗਲ
ਲੱਗਿਆ ਕੰਵਲ ਦਾ ਪਰਛਾਵਾਂ
ਜਲ ਦਾ ਪਿੰਡਾ ਚੀਰਿਆ
ਲੱਭਣ ਲਈ
ਸਿਰਜਕ ਸੱਚ ਦਾ ਸਿਰਨਾਵਾਂ
ਕੰਵਲ ਦਾ ਜਦ ਸੱਚ
ਚਿੱਕੜ ਨਜ਼ਰ ਆਇਆ
ਜਲ ਦੀਆਂ ਅਖਾਂ 'ਚ
ਅੱਥਰੂ ਭਰ ਆਇਆ
ਧਾਹਾਂ ਮਾਰ ਕੇ ਰੋਇਆ
ਸ਼ਾਇਰਾਂ ਕਲਮਾਂ ਅਦੀਬਾਂ ਤੇ
ਕੰਵਲ ਦੀ ਮਹਿਮਾਂ ਤੇ
ਚਿੱਕੜ ਸਲੀਬਾਂ ਤੇ

–0–

ਹੁਣ ਜਦ ਸਮਝ ਆਈ
ਜਲ ਦੀ ਥਾਂ
ਕੰਵਲ ਦੀ ਅੱਖ ਭਰ ਆਈ
ਭਿੱਜਿਆ ਚਿਹਰਾ ਕਲਮ
ਕਾਗ਼ਜ਼ ਤੇ ਸ਼ਾਇਰ ਦਾ
ਸਹਿਰਾ ਦੀ ਕੁੱਖ ਚੋਂ
ਸਾਗਰ ਪੁੰਗਰਦਾ ਨਜ਼ਰ
ਆਇਆ
ਕੰਵਲ ਨੇ ਭੇਦ ਸੁੰਦਰਤਾ ਦਾ
ਚਿੱਕੜ ਚੋਂ ਪਾਇਆ

-0-

ਕਲਮ ਸਾਰੀ ਉਮਰ
ਫੁੱਲਾਂ ਮਹਿਕਾਂ ਕਲੀਆਂ ਦੀਆਂ
ਸਿਫ਼ਤਾਂ ਕਰਦੀ ਰਹੀ
ਤਿੜਕਿਆ ਕਲਮ ਦਾ
ਚਿਹਰਾ
ਜਦ ਅੱਖੀਆਂ ਨੂੰ
ਸੱਚ ਕੰਡਿਆਂ ਦਾ ਨਜ਼ਰ
ਆਇਆ
ਜਿੰਨ੍ਹਾਂ ਕਲੀਆਂ ਫੁੱਲਾਂ
ਮਹਿਕਾਂ ਦੀ ਸੰਭਾਲ 'ਚ
ਉਮਰ ਕੱਟੀ
ਜੀਵਨ ਕੁਰਬਾਨ ਕਰ ਸਾਰਾ

ਸਰਾਪ ਉਮਰ ਦਾ
ਹੰਢਾਇਆ
ਖ਼ਾਲੀ ਆਏ
ਦੇ ਕੇ ਤੁਰ ਗਏ ਜੀਵਨ
ਨਾ ਮੁੱਲ ਫੁੱਲਾਂ ਕਲੀਆਂ ਨੇ
ਨਾ ਮੁੱਲ ਜੀਵਨ ਨੇ ਪਾਇਆ
ਹੁਣ ਜਦ ਸਮਝ ਆਈ
ਕੰਡਿਆਂ ਦੇ ਸੱਚ ਦਾ ਸੂਰਜ
ਅਦੀਬਾਂ ਦੇ ਮੱਥੇ ਉੱਗ ਹੈ
ਆਇਆ

–0–

ਹੁਣ ਜਦ ਲਿਖਣ ਦੀ
ਸਮਝ ਆਈ ਹੈ
ਚੁੱਪ ਉਦਾਸੀ ਓਪਰਾਮਤਾ
ਦੀ ਘਟਾ
ਅਦਬ ਦੇ ਅੰਬਰ ਤੇ ਛਾਈ ਹੈ
ਚੁੱਪ ਦੀ ਘਟਾ ਜਦ ਨੁੱਚੜੀ
ਧ਼ਰਤੀ ਤੇ ਬੋਲਾਂ ਦੀ ਰੁੱਤ ਪੁੰਗਰੀ
ਉਦਾਸੀ ਦਾ ਮੀਂਹ ਜਦ ਵਰ੍ਹਿਆ
ਪ੍ਰਵਾਜ਼ ਰੌਣਕਾਂ ਭਰਿਆ
ਉਪਰਾਮਤਾ ਨੇ ਜਦ ਕਰਵਟ ਲਈ
ਬਹਾਰਾਂ ਮੁਸਕਰਾਈਆਂ
ਦੌਲਤਾਂ ਰਹਿਮਤਾਂ ਤੇ ਨਿਹਮਤਾਂ
ਧਰਤੀ ਤੇ ਉਤਰ ਆਈਆਂ

–0–

ਚੁੱਪ ਉਦਾਸੀ ਉਪਰਾਮਤਾ ਦਾ
ਪਿੰਜਰ ਅਜੇ ਵੀ ਹੈ
ਆਕਾਸ਼ ਤੇ ਲਟਕਦਾ
ਬੋਲ ਰੌਣਕਾਂ ਬਹਾਰਾਂ ਹੋ
ਧਰਤ ਤੇ ਜੋ ਜਨਮਦਾ

-0-

ਜੀਵਨ ਲੈ ਕੇ ਆਉਂਦੇ ਨੇ ਜੋ
ਮਰ ਕੇ ਪਤਾ ਨਹੀਂ
ਕਿੱਧਰ ਜਾਂਦੇ ਨੇ ਓਹ
ਪਰ ਇਹ ਸੱਚ ਹੈ
ਆਂਪਣੇ ਪਿੱਛੇ ਜਿਉਂਦਾ
ਮਾਤਮ ਛੱਡ ਜਾਂਦੇ ਨੇ ਉਹ
ਮਰ ਕੇ ਜੀਵਨ ਨੂੰ ਜੀਵਨ
ਦਿੰਦੇ ਨੇ ਜੋ
ਹੋ ਕੇ ਕਬਰਾਂ ਵੀ ਜਿਉਂਦੇ ਨੇ ਉਹ
ਪਰ ਕਲਮਾਂ ਨੂੰ
ਉਨ੍ਹਾਂ ਦਾ ਅਹਿਸਾਸ ਨਹੀਂ
ਨਾ ਮਹਿਮਾਂ ਨਾ ਸਿਫ਼ਤ
ਉਨ੍ਹਾਂ ਦੀ
ਅਦੀਬਾਂ ਕਲਮਾਂ ਸ਼ਾਇਰਾਂ ਦੇ
ਪਾਸ ਨਹੀਂ

-----

## ਸਿੱਕੇ ਦਾ ਇਕ ਪਾਸਾ

ਉਹੀ ਰਾਹ ਹਨ ਮੋੜ ਹਨ
ਸਫ਼ਰ ਹੈ ਦੁਆਲਾ ਹੈ
ਉਹੀ ਪ੍ਰੰਪਰਾਗਤ ਜੀਵਨ
ਪ੍ਰਤੀ ਦ੍ਰਿਸ਼ਟੀਕੋਣ ਹੈ
ਉਹੀ ਕਦਰਾਂ ਕੀਮਤਾਂ
ਵਿਚਰਨ ਧਰਾਤਲ ਹੈ
ਉਹੀ ਸਦੀਆਂ ਤੋਂ
ਚਲਿਆ ਆ ਰਿਹਾ
ਮਨੁੱਖ ਮਨੁੱਖਤਾ ਤੇ ਜਗਤ
ਦਾ ਪਸਾਰ ਹੈ

-0-

ਉਹੀ ਦਰਪਣ ਹੈ ਚਿਹਰੇ ਹਨ
ਉਹੀ ਜਲ ਥਲ ਹੈ
ਉਹੀ ਦ੍ਰਿਸ਼ਟੀ ਹੈ
ਦ੍ਰਿਸ਼ਟਮਾਨ ਹੈ
ਨਾ ਕੋਈ ਨਵਾਂ ਸੰਕਲਪਿਆ
ਜਾ ਰਿਹਾ ਹੈ
ਨਾ ਸਿਰਜਿਆ ਜਾ
ਰਿਹਾ ਹੈ
ਸਦੀਆਂ ਤੋਂ
ਉਹੀ ਪੁਰਾਣੀਆਂ ਲੀਕਾਂ
ਪਿੱਟਦਾ ਆ ਰਿਹਾ ਹੈ
ਬੁੱਢੀ ਧਰਤੀ ਬੁੱਢਾ ਅੰਬਰ

ਬੁੱਢੀ ਪ੍ਰਕਿਰਤੀ
ਬੁੱਢੇ ਰੱਬ ਦੇ ਸੋਹਲੇ ਗਾ
ਰਿਹਾ ਹੈ
ਸਿੱਕੇ ਦਾ ਇਕ ਪਾਸਾ ਹੀ
ਜੀਵਨ ਦੀ ਪਹਿਚਾਣ
ਬਣ ਗਿਆ ਹੈ

-0-

ਸਿੱਕੇ ਦਾ ਦੂਜਾ ਪਾਸਾ
ਚਲਣ ਤੋਂ ਪਹਿਲਾਂ ਹੀ
ਖੋਟਾ ਹੋ ਗਿਆ ਹੈ
ਮਨੁੱਖ ਦਾਇਰਾ ਹੋਣ ਦੀ ਥਾਂ
ਬਿੰਦੂ ਬਣਕੇ ਰਹਿ ਗਿਆ ਹੈ
ਪ੍ਰੰਪਰਾ ਸੰਗ ਗਲ ਗਲ
ਤਕ ਭਰੇ ਹਾਂ
ਜਿੱਥੋਂ ਤੁਰੇ ਸਾਂ
ਉਥੇ ਹੀ ਖੜ੍ਹੇ ਹਾਂ

-0-

ਇਕ ਪ੍ਰੰਪਰਾਗਤ
ਵਿਚਰਨ ਧਰਾਤਲ ਦੇ
ਖੋਲ 'ਚ
ਉਸ ਚਾਹਿਆ ਸੀ
ਉਸ ਦੀ ਕੰਡ ਤੇ
ਉਸਦਾ ਚਿਹਰਾ ਉੱਗ ਆਵੇ
ਜਿਸ 'ਚ

ਉਹ ਗੁਆਚਾ ਭਵਿੱਖ
ਭਾਲਦਾ
ਆਪਣੀ ਭਾਲ ਦੀ ਤਲਾਸ਼ 'ਚ
ਨਵੀਆਂ ਪੱਗਡੰਡੀਆਂ
ਨਵੇਂ ਰਾਹ ਸਿਰਜ ਜਾਵੇ

-0-

ਉਸਨੂੰ ਨਫ਼ਰਤ ਸੀ
ਪੰਛੀ ਦਾ ਸੁਬ੍ਹਾ ਰੋਜ਼
ਆਪਣੇ ਆਲ੍ਹਣੇ ਚੋਂ ਉੱਡਣਾ
ਚੋਗਾ ਚੁਕਣਾ ਤੇ ਆਲ੍ਹਣੇ 'ਚ
ਪਰਤ ਆਉਣਾ
ਇਹ
ਨਾ ਕੁੱਝ ਨਵਾਂ ਹੈ ਨਾ ਵੱਖਰਾ ਹੈ
ਇਹ ਸਮੇਂ ਦਾ ਚੱਕਰ
ਕਟ ਰਿਹਾ ਸਮਾਂ ਹੈ

-0-

ਉਹ ਨਿਕਲਿਆ ਸੀ ਘਰੋਂ
ਕਿਸੇ ਦੀ
ਨਫ਼ਰਤ ਹੰਢਾਉਣ ਲਈ
ਕਿਸੇ ਦੇ
ਨੈਣਾਂ ਦਾ ਸ਼ਿਕਾਰ ਹੋਣ ਲਈ
ਆਪਣੀ ਵਫ਼ਾ ਚੋਂ
ਕਿਸੇ ਦੀ ਜ਼ਫ਼ਾ ਉੱਗਾਉਣ ਲਈ
ਕੋਈ ਬੇਗੁਨਾਹ

ਸੂਲੀ ਤੇ ਟੰਗਿਆ ਤੱਕਣ
ਲਈ
ਜ਼ੁਲਮ ਲਈ ਆਵਾਜ਼ ਜਨਮਣ
ਲਈ

-0-

ਕੋਈ ਚਿਹਰਾ ਆਪਣੇ ਲਹੂ 'ਚ
ਰੰਗਿਆ ਤੱਕਣ ਲਈ
ਕੋਈ ਪਰ ਕੱਟਿਆ ਪੰਛੀ
ਉੱਡਾਰੀ ਭਰਨ ਲਈ
ਕੋਈ ਸੱਚ
ਝੂਠ ਦੀ ਸੂਲੀ ਤੇ ਲਟਕਦਾ
ਤੱਕਣ ਲਈ
ਤਾਂ ਕਿ
ਉਸਦੀ ਨੱਕ ਦੀ ਸੇਧੇ ਤੁਰਨ ਦੀ
ਆਦਤ
ਤੇ ਮਿੱਥੇ ਸਫ਼ਰ ਦਾ ਭਾਰ
ਉਸਦੇ ਮੋਢਿਆਂ ਤੋਂ ਉਤਰ
ਜਾਏ
ਉਸਦੇ ਸਿਰ ਚੋਂ ਨੁਚੜ ਜਾਏ
ਉਸ 'ਚ ਹਨ੍ਹੇਰੀਆਂ ਤੂਫ਼ਾਨਾਂ
ਝੱਖੜਾਂ ਨਾਲ ਲੜਣ ਦੀ
ਹਿੰਮਤ ਪਸਰ ਜਾਏ

-0-

ਸਰਲ ਜ਼ਿੰਦਗੀ ਨੇ

ਉਸਨੂੰ
ਅਗਤੀਆਂ ਦੇ ਖ਼ੂਹ 'ਚ
ਉਤਾਰਿਆ ਹੈ
ਜ਼ਿੰਦਗੀ ਜਿਉਣ ਦਾ
ਉਸ ਚੋਂ ਸੱਚ ਮਾਰਿਆ ਹੈ
ਉਸਦੇ ਜੀਵਨ 'ਚ
ਕਬਰਾਂ ਦੀ ਚੁੱਪ ਧਰ ਦਿੱਤੀ ਹੈ
ਜਿੱਥੇ ਨਾ
ਨਜ਼ਰ 'ਚ ਮੰਜ਼ਿਲ ਹੈ ਕੋਈ
ਨਾ ਪੈਰਾਂ 'ਚ ਰਾਹ ਹੈ ਕੋਈ
ਮੁਰਦਾ ਦੇਹ ਹੈ ਨਾ ਸਾਹ ਹੈ ਕੋਈ

-0-

ਉਹ ਅੱਖਾਂ ਬੰਦ ਕਰਕੇ
ਆਪਣਾ ਹਨ੍ਹੇਰਾ ਦੁਆਲੇ
ਸਿਰਜਣਾ ਚਾਹੁੰਦਾ ਸੀ
ਜਿਸਮ ਤੋਂ ਲਾਹ ਕੇ ਲੱਤਾਂ
ਧੜ ਨਾਲ ਤੁਰਨਾ ਚਾਹੁੰਦਾ ਸੀ
ਕੰਨਾਂ ਚ ਢਾਲ ਕੇ ਲੋਹਾ
ਕੱਟ ਕੇ ਜੀਭਾ
ਸੁਣਨਾ ਤੇ ਬੋਲਣਾ ਚਾਹੁੰਦਾ ਸੀ

-0-

ਉਹ ਆਪਣੀ ਦੇਹ ਤੋਂ
ਸੁੱਖ ਆਰਾਮ ਤੇ ਸਰਲਤਾ
ਦੀ ਓੜਣੀ ਉਤਾਰਨਾ ਚਾਹੁੰਦਾ ਸੀ

ਉਹ ਆਪਣੀਆਂ
ਅਗਤੀਆਂ ਚੋਂ
ਗਤੀਆਂ ਉਸਾਰਨਾ
ਚਾਹੁੰਦਾ ਸੀ

-0-

ਤਾਂ ਕਿ
ਉਸਨੂੰ ਬਿਨ ਅੱਖੋਂ ਵੇਖਣ ਦਾ
ਬਿਨ ਪ੍ਰੈਰੋਂ ਤੁਰਨ ਦਾ
ਬਿਨ ਕੰਨੋਂ ਸੁਣਨ ਦਾ
ਬਿਨ ਜੀਭੋਂ ਬੋਲਣ ਦਾ
ਅਹਿਸਾਸ ਹੋ ਸਕੇ
ਬਿੰਦੂ ਤੋਂ ਦਾਇਰੇ 'ਚ ਢਲਣ ਦਾ
ਪਾਸ ਹੋ ਸਕੇ
ਜਿਸ ਪੱਥਰ ਚੋਂ ਗਤੀ ਜਨਮਦੀ ਹੈ
ਜਿਸ ਮੌਤ ਚੋਂ
ਜ਼ਿੰਦਗੀ ਪੁੰਗਰਦੀ ਹੈ
ਉਹ ਪੱਥਰ ਉਹ ਮੌਤ
ਉਸਦੀ ਦੇਹ 'ਚ ਆਬਾਦ ਹੋ ਸਕੇ

-0-

ਉਹ ਸਰਲ ਤੇ ਪ੍ਰੰਪਰਾਗਤ
ਜ਼ਿੰਦਗੀ ਜਿਉਂਦਾ ਜਿਉਂਦਾ
ਉਸਦਾ ਭਾਰ ਚੁਕਦਾ ਚੁਕਦਾ
ਥੱਕ ਗਿਆ ਸੀ
ਉਹ ਸਿੱਕੇ ਦੇ ਇਕ ਪਾਸੇ ਦਾ
ਜੀਵਨ ਹੰਢਾਉਂਦਾ ਅੱਕ ਗਿਆ ਸੀ

----

## ਗਤੀ ਦਾ ਬਣਵਾਸ

ਸਮੇਂ ਦੀ ਰਫ਼ਤਾਰ ਤੋਂ
ਜੇ ਮੈਂ ਤੇਜ਼ ਦੌੜਦਾ ਸਾਂ
ਤਾਂ ਸੌਣ ਤੋਂ ਪਹਿਲਾਂ
ਮੈਂ ਦਿਨ ਦੀ ਡਾਇਰੀ
ਹਰ ਰਾਤ
ਆਪਣੇ ਵਿਚਲੀ ਗਤੀ
ਨੂੰ ਦੱਸਦਾ ਸਾਂ

-0-

ਪਾਉੜੀਆਂ
ਜੋ ਪਹਿਲੇ ਡੰਡੇ ਤੋਂ ਸਿਖ਼ਰ
ਤਕ ਅੱਪੜਦੀਆਂ ਸਨ
ਜਿੱਥੇ
ਮੇਰੀ ਦੇਹ ਚੋਂ ਮਨਫ਼ੀ
ਸਾਹਾਂ ਦਾ ਢੇਰ ਸੀ
ਜਿੱਥੇ
ਮੇਰੇ ਪੈਰਾਂ ਦੀਆਂ ਕਬਰਾਂ
ਸਨ
ਸੁਫ਼ਨਿਆਂ ਦਾ ਮੁਰਦਾ
ਵਜੂਦ ਸੀ
ਜਿੱਥੇ
ਸਮੇਂ ਦੀ ਰਫ਼ਤਾਰ ਤੋਂ
ਤੇਜ ਦੌੜਣ ਦਾ ਸੱਚ ਸੀ

-0-

ਉੱਥੇ ਗਤੀ ਬੈਠੀ
ਸਾਹ ਭਰਦੀ ਸੀ
ਮੇਰੀ ਖੱਟੀ ਕਮਾਈ ਵੇਖਦੀ
ਸੀ
ਮੇਰਾ ਬਲਦਾ ਸਿਵਾ
ਸੇਕਦੀ ਸੀ
ਗਤੀ ਜੋ ਮੇਰੀ ਦੇਹ ਦੀ
ਕਾਰਜ ਪ੍ਰਣਾਲੀ ਸੀ
ਮੇਰੇ ਵਜ਼ੂਦ ਦੀ ਹਸਤੀ ਸੀ
ਗੁਲਜ਼ਾਰ ਸੀ ਸਾਹਾਂ ਦਾ
ਹੋਇਆ ਖੰਡਰ ਬਸਤੀ ਸੀ
ਇਹ ਸਾਇਆਂ ਦੇ ਪਿੱਛੇ
ਦੌੜਦੀ ਦੇਹ ਦਾ ਹਿਸਾਬ ਸੀ
ਜ਼ਿੰਦਗੀ ਦੇ ਮੱਥੇ ਦਾ
ਬੁੱਝਿਆ ਚਿਰਾਗ਼ ਸੀ

-----

## ਅੰਗ ਸੰਗ

ਮੈਂ ਸ਼ਹਿਰ
ਮੋਢਿਆਂ ਤੇ ਚੁੱਕੀ
ਸ਼ਹਿਰ ਚੋਂ
ਆਪਣਾ ਘਰ ਭਾਲਦਾ ਹਾਂ
ਘਰ ਚੋਂ
ਆਪਣਾ ਚਿਹਰਾ ਭਾਲਦਾ ਹਾਂ

-0-

ਸ਼ਹਿਰ ਦੀ ਗਲੀ ਗਲੀ
ਨੁੱਕਰ ਨੁੱਕਰ ਫੋਲੀ ਹੈ
ਸ਼ਹਿਰ ਛਾਣਨੀ 'ਚ ਪਾ ਕੇ
ਛਾਣਿਆਂ ਹੈ
ਸ਼ਹਿਰ ਦੀ ਪਰਤ ਪਰਤ
ਖੋਲ੍ਹੀ ਹੈ
ਨਾ ਘਰ ਲੱਭਾ
ਨਾ ਚਿਹਰਾ ਹੀ ਮਿਲਿਆ
ਆਪਣਾ ਤਾਂ ਕੀ
ਨਾ ਕੋਈ ਬੇਗ਼ਾਨਾ ਹੀ ਮਿਲਿਆ

-0-

ਸ਼ਹਿਰ ਦੀਆਂ ਗਲੀਆਂ 'ਚ
ਮੇਰੇ ਅੰਗ ਖਿਲਰੇ ਸਨ
ਸ਼ਹਿਰ ਦੇ ਵਿਹੜੇ 'ਚ
ਮੇਰੇ ਨਕਸ਼ ਖਿਲਰੇ ਸਨ
ਸ਼ਹਿਰ ਦੇ ਸਿਰ ਤੇ
ਮੇਰਾ ਧੜ ਟੰਗਿਆ ਸੀ

ਸ਼ਹਿਰ ਦੀਆਂ ਅੱਖਾਂ 'ਚ
ਮੇਰਾ ਚਿਹਰਾ ਲਹੂ ਸੰਗ
ਰੰਗਿਆ ਸੀ
ਸਭ ਕੁੱਝ
ਖਿਲਰਿਆ ਪਿਆ ਸੀ ਮੇਰਾ
ਸਾਲਮ ਸਬੂਤਾ
ਕੁੱਝ ਵੀ ਨਹੀਂ ਸੀ ਮੇਰਾ

-0-

ਸਭ ਕੁੱਝ ਕੁਤਰ ਕੇ ਮੇਰਾ
ਸ਼ਹਿਰ ਨੇ
ਮੇਰੀ ਪਹਿਚਾਣ ਨੂੰ
ਬੇ-ਪਹਿਚਾਣ ਕਰ ਦਿੱਤਾ
ਤਾਂ ਕਿ ਮੇਰੇ ਚਿਹਰੇ ਨੂੰ
ਮੇਰੇ ਪਿੰਡ ਦੀ ਹਵਾ ਪਹਿਚਾਣ
ਨਾ ਸਕੇ
ਇਸ ਸ਼ਹਿਰ ਦੀਆਂ ਨੀਹਾਂ 'ਚ
ਇਕ ਪਿੰਡ ਮੋਇਆ ਹੈ
ਜਿਸ ਚੋਂ ਸ਼ਹਿਰ ਉੱਠ ਖਲੋਇਆ ਹੈ
ਕੋਈ ਜਾਣ ਨਾ ਸਕੇ

-0-

ਮੈਂ ਸ਼ਹਿਰ ਮੋਢਿਆਂ ਤੇ ਚੁੱਕੀ
ਸ਼ਹਿਰ ਚੋਂ
ਆਪਣਾ ਘਰ ਭਾਲਦਾ ਹਾਂ
ਘਰ ਚੋਂ
ਆਪਣਾ ਚਿਹਰਾ ਭਾਲਦਾ ਹਾਂ

-----

## ਸਵਾਲ

ਇਕ ਸਵਾਲ
ਮੇਰੇ ਦਰ ਤੇ ਖੜਾ ਹੈ
ਮੈਨੂੰ
ਉਂਗਲੀ ਲਾ ਬਾਹਰ ਲੈ
ਜਾਂਦਾ ਹੈ
ਮੈਨੂੰ ਡੂੰਘੀਆਂ ਸੋਚਾਂ 'ਚ
ਪਾ ਜਾਂਦਾ ਹੈ

-0-

ਆਖਦਾ ਹੈ
ਇਸ ਸ਼ਹਿਰ ਦੇ ਘਰ ਘਰ 'ਚ
ਤੇਰਾ ਵਾਸ ਹੈ
ਹਰ ਕੰਧ ਤੇਰਾ ਚਿਹਰਾ ਹੈ
ਤੇਰੇ ਪੈਰ
ਇਸ ਸ਼ਹਿਰ ਦਾ ਵਿਹੜਾ ਹੈ
ਇਸ ਦੀਆਂ ਗਲੀਆਂ
ਤੇਰੇ ਹੱਥਾਂ ਦੀ ਸਿਆਣ ਹਨ
ਇਸ ਸ਼ਹਿਰ 'ਚ
ਤੇਰੀ ਖੁਸ਼ਬੂ ਹੈ
ਇਸ ਸ਼ਹਿਰ ਦੀ ਤੇਰੇ 'ਚ
ਰੂਹ ਹੈ
ਸਭ ਕੁੱਝ ਤੇਰਾਂ
ਇਸ ਸ਼ਹਿਰ ਵਿਚ ਹੈ
ਪਰ ਇਸ ਸ਼ਹਿਰ ਵਿਚ ਤੂੰ ਨਹੀਂ
ਇਸ ਸ਼ਹਿਰ 'ਚ

ਤੇਰਾ ਵਜੂਦ ਕਿਉਂ ਨਹੀਂ

-0-

ਮੈਂ ਆਖਿਆ
ਇਸ ਸ਼ਹਿਰ ਮੈਨੂੰ ਜਨਮਿਆਂ
ਜਨਮ ਕੇ
ਸੜਕ ਤੇ ਧਰ ਦਿੱਤਾ
ਕਿਉਂਕਿ ਮੈਂ
ਸੜਕ ਦੀ ਅਵਾਰਗੀ ਦੀ
ਕੁੱਖ ਦਾ ਜਾਇਆ ਸਾਂ
ਸ਼ਹਿਰ ਦੀ ਹੱਵਸ 'ਚ
ਮੇਰਾ ਵਜੂਦ ਸੀ
ਪਰ ਸ਼ਹਿਰ ਦੀ ਵਿਰਾਸਤ
ਲਈ ਪਰਾਇਆ ਸਾਂ

-0-

ਅਵਾਰਗੀ ਮੇਰੀ ਮਾਂ
ਆਸਰੇ ਦੀ ਭਾਲ 'ਚ
ਇਸ ਸ਼ਹਿਰ ਦੇ ਦਰ ਆਈ
ਸ਼ਹਿਰ ਨੇ
ਅਵਾਰਗੀ ਨੂੰ ਇਸ਼ਨਾਨਿਆਂ
ਸੁੰਦਰ ਪੁਸ਼ਾਕਾਂ ਤੇ ਜ਼ੇਵਰ
ਉਸਨੂੰ ਭੇਟ ਕੀਤੇ
ਅਵਾਰਗੀ ਦਾ ਨਿਖ਼ਰਿਆ
ਰੂਪ ਬਣ ਠਣ ਕੇ
ਸ਼ਹਿਰ ਦੇ ਜਦ ਸਾਹਮਣੇ
ਆਇਆ

ਉਸਦੀ ਸੁੰਦਰਤਾ
ਸ਼ਹਿਰ ਜਰ ਨਾ ਪਾਇਆ

-0-

ਧਨਾਢ ਸ਼ਹਿਰ
ਅਵਾਰਗੀ ਦੀ ਜਵਾਨੀ ਤੇ
ਡੁਲ੍ਹ ਗਿਆ
ਉਸਦੇ ਰੂਪ ਤੇ ਆਪਣੀ
ਹੱਵਸ 'ਚ
ਆਪਣਾ ਵਕਾਰ ਭੁੱਲ ਗਿਆ
ਉਸਦੇ ਨੈਣ ਨਕਸ਼ ਗੋਲਾਈਆਂ
ਤੇ ਹੁਸਨ
ਸ਼ਹਿਰ ਆਪਣੀ ਨਜ਼ਰੋਂ
ਲਾਂਭੇ ਕਰ ਨਾ ਸਕਿਆ
ਆਪਣੀ ਹੱਵਸ ਦਾ ਸ਼ਿਕਾਰ
ਕਰਨ ਦਾ ਇਰਾਦਾ
ਸ਼ਹਿਰ ਦਾ ਟਲ ਨਾ ਸਕਿਆ

-0-

ਧਨਾਢ ਸ਼ਹਿਰ ਨੇ
ਮਜ਼ਲੂਮ ਅਵਾਰਗੀ ਨੂੰ
ਆਪਣੀ ਹੱਵਸ ਦਾ ਸ਼ਿਕਾਰ
ਬਣਾਇਆ
ਤੇ ਉਸਦੀ ਕੁੱਖ ਚੋਂ ਮੈਂ ਪੁੰਗਰ
ਆਇਆ

-0-

ਸ਼ਹਿਰ ਇਕ ਦਿਨ

ਮੇਰੀ ਮਾਂ ਅਵਾਰਗੀ ਨੂੰ
ਬੋਲਿਆ
ਤੂੰ ਅਵਾਰਗੀ
ਹਰ ਗ਼ਲੀ ਹਰ ਕੂਚੇ ਦੀ
ਮਲਕੀਅਤ ਹੈਂ
ਸ਼ਹਿਰ ਦੇ ਹਰ ਬਸ਼ਰ ਦੀ
ਵਸੀਅਤ ਹੈਂ
ਮੈਂ ਸਭਿਅਕ ਦਾਨਸ਼ਵੰਦ
ਸ਼ਹਿਰ ਹਾਂ
ਮੈਂ ਤੇਰੇ ਸੰਗ ਰਹਿ ਨਹੀਂ
ਸਕਦਾ
ਤੇਰੀ ਅਵਾਰਗੀ ਦੀ ਨਮੋਸ਼ੀ
ਸਹਿ ਨਹੀਂ ਸਕਦਾ

–0–

ਸ਼ਹਿਰ ਨੇ
ਮੇਰੀ ਮਾਂ ਅਵਾਰਗੀ ਨੂੰ
ਸੜਕ ਦੇ ਹਵਾਲੇ ਕਰ ਦਿੱਤਾ
ਤੇ ਬਦਕਾਰ ਔਰਤ ਹੋਣ ਦਾ
ਉਸ ਤੇ ਇਲਜ਼ਾਮ ਧਰ ਦਿੱਤਾ
ਮੇਰੀ ਮਾਂ ਅਵਾਰਗੀ
ਮੈਨੂੰ ਸੜਕ ਤੇ ਜਨਮ ਦੇ ਕੇ
ਮਰ ਗਈ
ਆਪਣੀ ਮੌਤ ਮੇਰੇ ਜਨਮ ਦਾ

ਦੋਸ਼ ਸ਼ਹਿਰ ਦੇ ਸਿਰ
ਧਰ ਗਈ

-0-

ਸ਼ਹਿਰ ਪਿੱਛੋਂ
ਸ਼ਹਿਰ ਦਾ ਕੋਈ ਵਾਰਿਸ
ਨਹੀਂ ਸੀ ਮੇਰੇ ਬਿਨਾਂ
ਇਸ ਲਈ ਮੈਂ ਸ਼ਹਿਰ ਛੱਡ ਗਿਆ
ਸ਼ਹਿਰ ਦੇ ਪੈਰੀਂ
ਆਪਣੀ ਤਲਾਸ਼ ਲਈ
ਆਪਣੀ ਮਾਂ ਦੀ ਅਵਾਰਗੀ
ਧਰ ਗਿਆ

-----

## ਗੁਜ਼ਰਨ

ਉਹ
ਪਹਾੜ ਜੰਗਲ ਤੇ ਸਮੁੰਦਰ ਚੋਂ
ਗੁਜ਼ਰਿਆ
ਕਿਣਕਾ ਕਿਣਕਾ ਪੱਤਾ ਪੱਤਾ
ਕਤਰਾ ਕਤਰਾ ਹੋ ਗਿਆ
ਉਹ
ਸਹਿਰਾ ਅੰਬਰ ਧਰਤੀ ਚੋਂ
ਗੁਜ਼ਰਿਆ
ਜ਼ਰਾ ਜ਼ਰਾ ਤਾਰਾ ਤਾਰਾ
ਮਿੱਟੀ ਮਿੱਟੀ ਹੋ ਗਿਆ

-0-

ਉਹ ਕਿਣਕੇ ਪੱਤੇ ਕਤਰੇ ਚੋਂ
ਗੁਜ਼ਰਿਆ
ਪਹਾੜ ਜੰਗਲ ਤੇ ਸਾਗਰ
ਹੋ ਗਿਆ
ਜ਼ਰੇ ਤਾਰੇ ਮਿੱਟੀ ਚੋਂ ਗੁਜ਼ਰਿਆ
ਸਹਿਰਾ ਅੰਬਰ ਤੇ ਧਰਤੀ
ਹੋ ਗਿਆ

-0-

ਉਹ ਆਪਣੀ
ਇਕਾਈ ਦੀ ਤਕਸੀਮ
ਹੋ ਗਿਆ
ਤਕਸੀਮ ਦੀ ਇਕਾਂਈ
ਹੋ ਗਿਆ

-0-

ਉਸਨੇ
ਇਕ ਝੀਲ ਦੇ ਦਰਪਣ ਚੋਂ
ਆਪਣਾ ਚਿਹਰਾ ਤੱਕਿਆ
ਜੋ ਉਸਨੂੰ ਤਿੜਕਿਆ
ਲੱਗਿਆ
ਝੀਲ ਦੇ ਤਲ ਤੇ
ਉਸਦੇ ਅੰਗ ਨਕਸ਼ ਖਿਲਰੇ
ਪਏ ਸਨ
ਝੀਲ ਦੇ ਦਰਪਣ ਤੇ
ਉਸਦਾ ਚਿਹਰਾ ਤਰ ਰਿਹਾ ਸੀ
ਝੀਲ ਦੇ ਤਲ ਤੇ
ਉਸਦੀ ਪਹਿਚਾਣ ਗੁਆਚੀ
ਪਈ ਸੀ
ਦਰਪਣ ਤੇ ਸਿਰਜੀ ਗਈ ਸੀ

-0-

ਉਸਨੇ
ਆਪਣੇ ਤਿੜਕੇ ਚਿਹਰੇ ਨੂੰ
ਵੇਖਿਆ
ਖਿਲਰੇ ਅੰਗਾਂ ਤੇ
ਨਕਸ਼ਾਂ ਨੂੰ ਵੇਖਿਆ
ਆਪਣੀ ਹੋਂਦ
ਅਹੋਂਦ ਨੂੰ ਵੇਖਿਆ
ਇਹ ਸਭ ਉਸਨੂੰ

ਆਪਣੀ ਇਕਾਈ ਦੀ
ਤਕਸੀਮ
ਤੇ ਤਕਸੀਮ ਦੀ ਇਕਾਈ ਚੋਂ
ਨਜ਼ਰ ਆਇਆ

-0-

ਜਦ ਉਹ
ਆਪਣੇ ਆਪ ਤੋਂ ਬਾਹਰ
ਆਇਆ
ਉਸਨੇ ਵੇਖਿਆ
ਉਹ ਸਿਰਜਣਾ ਵੀ ਸੀ
ਸਿਰਜਕ ਵੀ ਸੀ
ਗੁਜ਼ਰਨ ਵੀ ਸੀ ਗੁਜ਼ਾਰਾ
ਵੀ ਸੀ
ਗੁਜ਼ਰਨਹਾਰਾ ਵੀ ਸੀ

------

## ਸ਼ਹਿਨਸ਼ਾਹ

ਇਹ ਕੌਣ
ਆਪਣੀ ਤਲੀ ਤੇ ਸੂਰਜ ਟਿੱਕਾ
ਮੇਰੇ
ਅੱਗੋ ਅੱਗੇ ਜਾ ਰਿਹਾ ਹੈ
ਆਪਣੇ ਸੱਚ ਨੂੰ ਹੀ
ਰਾਹ ਵਿਖਾ ਰਿਹਾ ਹੈ

-0-

ਇਹ
ਮੇਰਾ ਹੀ ਸਾਇਆ ਹੈ
ਜੋ ਮੈਨੂੰ
ਜਿਉਂਦਾ ਤੇ ਹੰਢਾਉਂਦਾ ਹੈ
ਜੋ ਮੈਨੂੰ ਆਪਣੇ ਚੋਂ
ਨਿਚੋੜ ਆਇਆ ਹੈ
ਇਹ ਮੈਨੂੰ
ਕੀ ਵਿਖਾਉਣਾ ਚਾਹੁੰਦਾ ਹੈ
ਇਹ ਮੈਨੂੰ ਕਿੱਧਰ ਲਿਜਾ
ਰਿਹਾ ਹੈ

-0-

ਇਸਨੇ ਤਾਂ ਮੈਨੂੰ
ਸਾਲਮ ਹਨ੍ਹੇਰੇ 'ਚ ਉਤਾਰ
ਦਿੱਤਾ ਹੈ
ਮੇਰੇ ਅੰਦਰ ਤੇ ਬਾਹਰ
ਹਨ੍ਹੇਰਾ ਪਸਾਰ ਦਿੱਤਾ ਹੈ
ਮੇਰੇ ਲਹੂ 'ਚ ਹਨ੍ਹੇਰਾ ਦੌੜਦਾ ਹੈ

ਮੇਰੀ ਨਸ ਨਸ 'ਚ
ਹਨ੍ਹੇਰਾ ਰਚ ਗਿਆ ਹੈ
ਮੇਰੀ ਦੇਹ ਸੰਗ
ਮੇਰੀ ਮਾਨਸਿਕਤਾ 'ਚ ਵੀ
ਹਨ੍ਹੇਰਾ ਵਸ ਗਿਆ ਹੈ

-0-

ਮੇਰਾ ਸਾਇਆ ਬੋਲਦਾ ਹੈ
ਇਸਨੂੰ ਪਹਿਚਾਣ
ਆਪਣੇ ਚਾਨਣ ਦਾ ਸੱਚ
ਜਾਣ
ਮੇਰਾ ਸਾਇਆ
ਮੇਰੇ ਅੰਦਰਲੇ ਚਾਨਣ ਦੀ
ਪਰਤ-ਦਰ-ਪਰਤ
ਖੋਲ੍ਹਦਾ ਹੈ

-0-

ਮੇਰੇ ਅੰਦਰ ਰੌਸ਼ਨੀ ਦੇ
ਸ਼ਹਿਰ
ਨੰਗੇ ਜਿਸਮਾਂ ਦੇ ਹੁਜ਼ੂਮ ਹਨ
ਕੋਠੇ ਦੀਆਂ ਰੌਣਕਾਂ
ਵੈਸ਼ੀਆ ਤਵਾਇਫ਼ਾਂ
ਰਖੇਲਾਂ ਦੇ ਬਾਜ਼ਾਰ ਹਨ
ਕਾਮ ਤੇ ਵਾਸ਼ਨਾਂ ਦੀ ਪੂਰਤੀ
ਲਈ ਸੜਦੇ
ਜਿਸਮਾਂ ਦੇ ਅੰਬਾਰ ਹਨ

ਅੱਧ ਜਲੇ ਧੂੰਏਂ 'ਚ ਧੁੱਖਦੇ
ਸੁਫ਼ਨੇ ਤੇ ਖ਼ਿਆਲ ਹਨ

-0-

ਸੂਲੀ ਤੇ ਲਟਕਦੇ ਅਦੀਬ ਹਨ
ਕਲਾਕਾਰ ਹਨ
ਰਿਸ਼ੀਆਂ ਮੁੰਨੀਆਂ ਦੇ
ਲਹੂ ਸੰਗ
ਲਿੱਬੜੇ ਚਿਹਰੇ ਹਨ
ਸੂਰਜ ਠੰਡਾ ਕਰਨ ਲਈ
ਕੱਚੀਆਂ ਚਾਂਦਨੀਆਂ ਦੇ
ਜਿਸਮ ਬੇਸ਼ੁਮਾਰ ਹਨ
ਕਲੀਆਂ ਤੋਂ ਨਾਜ਼ੁਕ ਖ਼ੁਸ਼ਬੂਆਂ
ਦੇ ਹੱਡ ਸੇਕਦੇ ਗੁਲਜ਼ਾਰ ਹਨ

-0-

ਵਾਸ਼ਨੀ ਕੀੜਿਆਂ ਦੇ
ਕਈ ਚਿਹਰੇ
ਕਈ ਨਕਸ਼ ਹਨ
ਗੀਤਾ-ਗ੍ਰੰਥ ਕੁਰਾਨ ਦੇ
ਤਿੜਕੇ
ਚਿਹਰਿਆਂ ਦੇ ਅਕਸ
ਹਨ
ਜੋ ਮੇਰੇ ਲਹੂ 'ਚ ਨੇ ਨਹਾ ਰਹੇ
ਮੇਰੇ ਅੰਦਰਲੇ ਚਾਨਣ ਨੂੰ
ਜੋ ਨੇ ਆਪਣੀ ਬਲੀ ਚੜ੍ਹਾ ਰਹੇ

-0-

ਸਾਇਆ ਬੋਲਦਾ ਹੈ
ਤੇਰੇ ਅੰਦਰਲੇ ਚਾਨਣ 'ਚ
ਇਨ੍ਹਾਂ ਚਾਨਣ ਹੈ
ਕਿ ਤੇਰਾ ਆਪਣਾ ਸੱਚ
ਕੋਲੇ ਹੋਇਆ ਹੈ
ਬਾਲਣ ਬਾਲਣ ਹੋਇਆ ਹੈ

-0-

ਜੇ ਇਹੀ ਸੂਰਜ ਚੰਨ ਤਾਰੇ
ਹਨ
ਜੋ ਤੂੰ ਆਪਣੇ ਅੰਦਰ ਜਗਾਏ
ਹਨ
ਦੋ ਫੁੱਲ ਖਿੜਣ ਤੋਂ ਪਹਿਲਾਂ
ਨੀਹਾਂ 'ਚ ਚਿਣਾਏ ਹਨ
ਰੱਬੀ ਜੋਤ ਨੂੰ
ਤੱਤੀਆਂ ਤਵੀਆਂ ਤੇ
ਬਿਠਾਇਆ ਹੈ
ਰੱਬੀ ਸਿੱਦਕ ਆਰਿਆਂ
ਨਾਲ ਚਿਰਵਾਇਆ ਹੈ

-0-

ਤਾਂ ਮੇਰੀ ਤੋਬਾ
ਮੈਂ ਤੇਰੇ ਚਾਨਣ 'ਚ ਰਹਿ
ਨਹੀਂ ਸਕਦਾ
ਤੇਰਾ ਜਾਮ ਜ਼ਹਿਰੀ ਹੈ
ਜ਼ਿੰਦਗੀ ਤੇਰੇ ਲਈ ਮੌਤ
ਤੋਂ ਸਸਤੀ ਹੈ

ਮੇਰਾ ਜਾਮ ਅੰਮ੍ਰਿਤ ਹੈ
ਤੇਰੀ ਦੇਹ ਮੇਰੇ ਲਈ
ਸਿਵਿਆਂ ਦੀ ਧਰਤੀ ਹੈ

-0-

ਤੂੰ ਤਖ਼ਤ ਹੈਂ
ਤਲਵਾਰਾਂ ਢਾਲਾਂ ਫੌਜਾਂ ਤੇ
ਹਕੂਮਤ ਦਾ ਵਜ਼ੂਦ ਹੈਂ
ਤੇਰੀ ਨਜ਼ਰ ਹਕੂਮਤ
ਤੇਰਾ ਲਹੂ ਰਾਜਪਾਠ ਹੈਂ
ਐਸ਼ੋਇਸ਼ਰਤ ਰੰਗਰਲੀਆਂ
ਮਹਿਫ਼ਲਾਂ ਮਧੂਰਾ ਤੇ
ਨੰਗੇ ਨਾਚ
ਤੇਰਾ ਸਬੱਬ ਹੈ
ਤੇਰੀ ਆਵਾਜ਼ ਰੱਬ ਹੈ
ਤੇਰੇ ਦਿਲ 'ਚ ਨਾ ਪਿਆਰ
ਨਾ ਕੋਈ ਮਨੁੱਖਤਾ ਦਾ
ਸਥਾਨ ਹੈ
ਰਾਜਨੀਤੀ ਤੋਂ ਬਿਨਾਂ
ਨਾ ਕੋਈ ਤੇਰਾ ਧਰਮ ਹੈ
ਨਾ ਕੋਈ ਈਮਾਨ ਹੈ

-0-

ਇਹ ਚਾਨਣ ਨਹੀਂ ਹਨ੍ਹੇਰ ਹੈ
ਜੋ ਤੂੰ ਜੀਅ ਰਿਹਾ ਹੈਂ
ਇਸ ਚਾਨਣ 'ਚ

ਗਰੀਬਾਂ ਮਜ਼ਲੂਮਾਂ
ਬੇਦੋਸ਼ਿਆਂ ਦਾ ਲਹੂ ਪੀ
ਰਿਹਾ ਹੈਂ

-0-

ਇਸ ਹਨ੍ਹੇਰੇ ਚੋਂ
ਜੋ ਚਾਨਣ ਤੈਨੂੰ ਨਜ਼ਰ
ਆਉਂਦਾ ਹੈ
ਤੇਰੇ ਲਈ ਹਨ੍ਹੇਰੇ ਉੱਗਾਉਂਦਾ ਹੈ
ਜੋ ਹਨ੍ਹੇਰਾ
ਤੈਨੂੰ ਵਿਖਾ ਰਿਹਾ ਹਾਂ ਮੈ
ਜੇ ਇਹ ਹਨ੍ਹੇਰਾ ਜੀਵੇਂਗਾ
ਤੈਨੂੰ ਸੱਚ ਦੇ ਚਾਨਣ ਦਾ
ਗਿਆਨ ਹੋਵੇਗਾ
ਆਪਣੇ ਹਨ੍ਹੇਰੇ ਦਾ ਅਹਿਸਾਸ
ਹੋਵੇਗਾ
ਫ਼ਿਰ ਤੇਰਾ ਸਾਇਆ ਵੀ
ਤੇਰੇ ਪਾਸ ਹੋਵੇਗਾ

-0-

ਇਹ ਕੌਣ
ਆਪਣੀ ਤਲੀ ਤੇ ਸੂਰਜ ਟਿੱਕਾ
ਮੇਰੇ ਅੱਗੇ ਅੱਗੇ ਜਾ ਰਿਹਾ ਹੈ
ਆਪਣੇ ਸੱਚ ਨੂੰ ਹੀ ਰਾਹ ਵਿਖਾ
ਰਿਹਾ ਹੈ

-----

## ਤਕਸੀਮ

ਮੈਂ ਆਪਣੇ ਸਿਰ ਚੋਂ
ਉੱਗੇ ਕਈ ਸਿਰਾਂ ਦਾ
ਹੱਥਾਂ ਚੋਂ ਉੱਗੇ ਕਈ ਹੱਥਾਂ ਦਾ
ਪੈਰਾਂ ਚੋਂ ਉੱਗੇ ਕਈ ਪੈਰਾਂ ਦਾ
ਦੇਹ ਚੋਂ
ਉੱਗੀਆਂ ਕਈਆਂ ਦੇਹਾਂ ਦਾ
ਵਜ਼ੂਦ ਤਿਆਗ
ਤੇਰੇ ਦਰ ਆਇਆ ਹਾਂ

–0–

ਮੈਂ ਜੀਵਨ ਮੰਚ ਤੇ
ਇੰਜ ਤਕਸੀਮਿਆ ਗਿਆ
ਹਾਂ
ਕਿ ਧਰਤੀ ਤੋਂ ਕਿਣਕਾ
ਅੰਬਰ ਤੋਂ ਜ਼ਰਾ
ਸਾਗਰ ਤੋਂ
ਬੂੰਦ ਬੂੰਦ ਹੋ ਗਿਆ ਹਾਂ
ਮੈਂ ਏਕਾ ਸਾਂ
ਸਿਫ਼ਰਿਆ ਦਾ ਸਿਫ਼ਰਾ
ਹੋ ਗਿਆ ਹਾਂ

–0–

ਕਿਸੇ ਅੱਖ 'ਚ ਮੇਰਾ ਸਿਰ ਹੈ
ਕਿਸੇ ਤਲੀ ਤੇ ਮੇਰਾ ਧੜ ਹੈ
ਕਿਸੇ ਕੰਨ 'ਚ ਮੇਰੀ ਜੀਭ ਹੈ
ਕਿਸੇ ਨੱਕ 'ਚ ਮੇਰੇ ਸਾਹ ਹਨ

ਕਿਸੇ ਵਜੂਦ 'ਚ ਮੇਰੇ ਪੈਰ
ਹਨ
ਰੰਗ ਮੰਚ ਤੇ ਕੱਟੇ ਬੱਕਰੇ ਵਾਂਗ
ਮੇਰਾ ਸਿਰ ਪੈਰ ਕਲੇਜਾ ਸੀਨਾ
ਪੇਟ ਗੁਰਦੇ ਮਗ਼ਜ਼
ਮੇਰੇ ਜਿਸਮ ਦਾ
ਇਕ ਇਕ ਅੰਗ
ਇਕ ਇਕ ਨਕਸ਼ ਵਿਕ ਰਿਹਾ ਹੈ

-0-

ਮੈਂ ਆਪਣੀ ਭੁੱਖ 'ਚ
ਜੋ ਵੀ ਰਿਸ਼ਤਾ ਉਤਾਰਦਾ ਹਾਂ
ਉਹ ਮੇਰੇ
ਇਕ ਇਕ ਅੰਗ ਦੇ ਸੁਆਦ ਚੋਂ
ਮੇਰੀ ਸਾਲਮ ਦੇਹ ਦਾ
ਸਵਾਦ ਭਾਲਦਾ ਹੈ

-0-

ਤੂੰ ਹੀ ਦਸ ਐ ਜ਼ਿੰਦਗੀ
ਮੈਂ ਕਿਵੇਂ ਸਾਲਮ ਸਬੂਤਾ
ਇਕ ਘਰ ਦੇ ਚੁੱਲ੍ਹੇ ਤੇ ਰਿੱਝਾਂ
ਮੈਂ ਕਿਵੇਂ
ਬਾਕੀ ਚੁਲ੍ਹੇ ਠੰਡੇ ਤੱਕਾਂ
ਮੈਂ ਸੂਰਜ ਦੀ ਗੋਦ 'ਚ ਬੈਠਾਂ
ਕਿਵੇਂ ਸਾਵਣ 'ਚ ਭਿੱਜਾਂ
ਮੈਂ ਕਿਵੇਂ

ਆਪਣੇ ਤਕਸੀਮੇ
ਨਕਸ਼ਾਂ ਤੇ ਅੰਗਾਂ ਨੂੰ
ਇਕੱਠਿਆਂ ਕਰਾਂ
ਮੈਂ ਕਿਵੇਂ
ਤੇਰੇ ਦਰਪਣ 'ਚ ਐ ਜ਼ਿੰਦਗੀ
ਆਪਣਾ ਸਾਲਮ ਸਬੂਤਾ
ਚਿਹਰਾ ਧਰਾਂ

-0-

ਜੇ ਮੈਂ ਸਾਲਮ ਸਬੂਤਾ ਹਾਂ
ਤਾਂ ਮੇਰੇ ਸਿਵਾ
ਮੇਰਾ ਕੋਈ ਨਹੀਂ
ਜੇ ਮੈਂ ਅੰਗਾਂ ਨਕਸ਼ਾਂ 'ਚ
ਤਕਸੀਮਿਆਂ ਗਿਆ ਹਾਂ
ਤਾਂ ਮੈਂ ਆਪਣੇ ਆਪ ਦਾ ਨਹੀਂ

-0-

ਰੰਗ ਮੰਚ ਤੇ
ਮੈਂ ਨਾਟਕ ਤੇ ਕਰ ਸਕਦਾ ਹਾਂ
ਪਰ ਆਪ ਵੇਖ ਨਹੀਂ ਸਕਦਾ
ਵੇਖਣ ਲਈ
ਤਾਂ ਅੱਖਾਂ ਚਾਹੀਦੀਆਂ ਹਨ
ਸੁਣਨ ਲਈ ਕੰਨ ਚਾਹੀਦੇ ਹਨ
ਰੰਗ ਮੰਚ ਤੇ ਆਉਣ ਲਈ
ਪੈਰ ਚਾਹੀਦੇ ਹਨ
ਤੇ ਅਭੀਨੈ ਦੀ ਸਫ਼ਲਤਾ

ਦੇ ਇਜ਼ਹਾਰ ਲਈ
ਹੱਥ ਚਾਹੀਦੇ ਹਨ
ਤਾੜੀਆਂ ਮਾਰਨ ਲਈ
ਸ਼ਾਇਦ ਇਸੇ ਲਈ
ਮੈਂ ਸਾਲਮ ਨਹੀਂ ਹਾਂ
ਸਾਲਮ ਧੜ
ਅੰਗਾਂ ਤੇ ਨਕਸ਼ਾਂ 'ਚ ਵੰਡਿਆ
ਪਿਆ ਹੈ

-0-

ਮੈਂ ਆਪਣੇ
ਤਕਸੀਮੇਂ ਜਿਸਮ ਨੂੰ
ਤਿਆਗ
ਤੇਰੇ ਦਰ ਆਇਆ ਹਾਂ
ਐ ਮੇਰੇ ਅੰਦਰਲੇ
ਮੰਦਰ ਦੀ ਮੂਰਤੀ
ਮੈਂ ਤੇਰੀ ਸਰਬ-ਵਿਆਪਕਤਾ
ਦਾ ਸੱਚ
ਜਾਣ ਗਿਆ ਹਾਂ
ਕਣ ਕਣ 'ਚ
ਤੇਰੀ ਹੋਂਦ ਪਹਿਚਾਣ ਗਿਆ ਹਾਂ
ਤੂੰ ਵੀ
ਮੇਰੀ ਤਰ੍ਹਾਂ ਹੀ ਤਕਸੀਮਿਆਂ
ਪਿਆ ਹੈਂ

-0-

ਪਰ ਫ਼ਰਕ ਹੈ
ਤੂੰ ਸਭ ਨੂੰ ਨੱਚਾਉਂਦਾ ਹੈਂ
ਮੈਂ ਸਭ ਲਈ ਨੱਚਦਾ ਹਾਂ
ਤੂੰ ਹਰ ਇਕ 'ਚ
ਤਕਸੀਮਿਆਂ ਵੀ
ਸਾਬਤ ਨਜ਼ਰ ਆਉਂਦਾ ਹੈਂ
ਮੈਂ ਹਰ ਇਕ 'ਚ
ਅੰਗਾਂ ਤੇ ਨਕ਼ਸ਼ਾਂ 'ਚ ਵਸਦਾ ਹਾਂ
ਇਕਾਈ ਦੀ
ਤਕਸੀਮ ਲੱਗਦਾ ਹਾਂ

-0-

ਮੈਂ ਆਪਣੇ ਸਿਰ ਚੋਂ
ਉੱਗੇ ਕਈ ਸਿਰਾਂ ਦਾ
ਹੱਥਾਂ ਚੋਂ ਉੱਗੇ ਕਈ ਹੱਥਾਂ ਦਾ
ਪੈਰਾਂ ਚੋਂ ਉੱਗੇ ਗਈ ਪੈਰਾਂ ਦਾ
ਦੇਹ ਚੋਂ ਉੱਗੀਆਂ ਕਈਆਂ
ਦੇਹਾਂ ਦਾ
ਵਜੂਦ ਤਿਆਗ
ਤੇਰੇ ਦਰ ਤੇ ਆਇਆ ਹਾਂ

-----

## ਸੰਤੁਲਨ

ਮੈਂ ਏਨਾ ਫੈਲ ਗਿਆਂ
ਕਿ ਬੀਜ ਤੋਂ ਪ੍ਰਕਿਰਤੀ
ਮਨੁੱਖ ਤੋਂ ਸ੍ਰਿਸ਼ਟੀ
ਅੰਕੁਰ ਤੋਂ ਬ੍ਰਹਿਮੰਡ ਹੋ
ਗਿਆਂ

–0–

ਮੈਂ ਏਨਾ ਸੁੰਗੜਿਆਂ
ਕਿ ਆਪਣੇ ਆਪ ਨੂੰ ਵੀ
ਨਜ਼ਰ ਆਉਣੋਂ ਹਟ ਗਿਆਂ
ਆਪਣੇ ਆਪ 'ਚ ਹੀ
ਖੋਹ ਗਿਆਂ
ਮੈਂ ਜੋ ਫੈਲ ਕੇ ਪਾਇਆ ਸੀ
ਸੁੰਗੜ ਕੇ ਗੁਆਇਆ ਹੈ
ਜੋ ਸੁੰਗੜ ਕੇ ਪਾਇਆ ਸੀ
ਫੈਲ ਕੇ ਗੁਆਇਆ ਹੈ

–0–

ਮੈਂ ਫੈਲਿਆ
ਮੇਰੇ ਚੋਂ ਜ਼ਿੰਦਗੀ ਤੇ ਲੋਕ
ਉੱਗ ਆਏ
ਪ੍ਰਕਿਰਤੀ ਸੂਰਜ ਚੰਨ ਸਿਤਾਰੇ
ਆਕਾਸ਼ ਤੇ ਧਰਤੀ
ਮੇਰੇ ਆਕਾਰ 'ਚ ਉਤਰ ਆਏ
ਜਲ ਅੱਗਣ ਹਵਾ
ਮੇਰੇ ਚੋਂ ਜਨਮੇਂ

ਮੈਂ ਸਾਰੀ ਕਾਇਨਾਤ ਦਾ
ਧੁਰਾ ਹੋਇਆ
ਜ਼ਿੰਦਗੀ ਤੇ ਮੌਤ ਦਾ
ਸਿਲਸਿਲਾ ਸ਼ੁਰੂ ਹੋਇਆ

–0–

ਮੇਰੀਆਂ ਨਜ਼ਰਾਂ ਸਾਵੇਂ
ਮੇਰੀਆਂ ਤਲੀਆਂ ਤੇ
ਮੇਰੇ ਫੈਲਣ ਦਾ ਸਿਲਸਿਲਾ
ਪਿਆ ਹੈ
ਇਸ ਸਿਲਸਿਲੇ 'ਚ
ਮੇਰਾ ਸਭ ਕੁੱਝ ਹੀ ਹੈ
ਇਕ ਮੈਂ ਨਹੀਂ

–0–

ਮੈਂ ਆਪਣੇ ਰਹਿਣ ਲਈ
ਆਪਣੀ ਹੋਂਦ ਲਈ
ਏਨਾ ਸੁੰਗੜਿਆ
ਕਿ ਮੇਰੇ ਫੈਲਾਅ ਦਾ
ਸਿਲਸਿਲਾ
ਮੇਰੇ ਚੋਂ ਨੁੱਚੜ ਗਿਆ
ਮੈਂ ਏਨਾ ਫੈਲਿਆ
ਕਿ ਮੇਰੇ ਚੋਂ
ਮੇਰੀ ਹੋਂਦ ਦਾ ਅਹਿਸਾਸ
ਮਰ ਗਿਆ

–0–

ਮੇਰੀ
ਇਕ ਤਲੀ ਤੇ ਮੇਰਾ ਫੈਲਾਅ

ਦੂਜੀ
ਤਲੀ ਤੇ ਮੇਰਾ ਸੁੰਗੜਣਾ
ਮੇਰੇ 'ਚ
ਮੇਰਾ ਸਫ਼ਰ ਧਰ ਗਿਆ
ਸਫ਼ਰ ਤਾਂ ਜਿਉਂਦਾ ਰਿਹਾ
ਮੈਂ ਫੈਲਦਾ ਵੀ ਮਰ ਗਿਆ
ਸੁੰਗੜਦਾ ਵੀ ਮਰ ਗਿਆ

-0-

ਮੈਂ ਏਨਾ ਫੈਲ ਗਿਆ
ਕਿ ਬੀਜ ਤੋਂ ਪ੍ਰਕਿਰਤੀ
ਮਨੁੱਖ ਤੋਂ ਸ੍ਰਿਸ਼ਟੀ
ਅੰਕੁਰ ਤੋਂ
ਬ੍ਰਹਿਮੰਡ ਹੋ ਗਿਆ

-----

## ਸੂਰਤ ਤੇ ਸੀਰਤ

ਉਸਨੇ
ਜਦ ਉਸਦੀ ਪਹਿਲੀ
ਪਰਤ ਖੋਲ੍ਹੀ
ਤਾਂ ਉਹ
ਉਸਨੂੰ ਚੁੱਪ ਵੀਰਾਨ
ਅੱਥਰਾ ਨਿਰਦਈ ਤੇ
ਜਜ਼ਬਾਤ ਰਹਿਤ ਲੱਗਿਆ

-0-

ਉਸਨੇ
ਉਸਦੀ ਦੂਜੀ ਪਰਤ ਖੋਲ੍ਹੀ
ਉਸ ਵਿਚ
ਮੌਸਮ ਸਨ ਬਹਾਰਾਂ ਸਨ
ਰੁੱਤਾਂ ਮਹਿਕਾਂ ਸਨ
ਪਰ ਸਭ
ਕਬਰਾਂ ਦੀ ਚੁੱਪ ਹੰਢਾ
ਰਹੇ ਸਨ
ਇਕੱਲਤਾ ਸਿਰਜ ਰਹੇ ਸਨ
ਇਕੱਲਤਾ ਖਾ ਰਹੇ ਸਨ।

-0-

ਉਸਨੇ
ਜਦ ਉਸਦੀ ਤੀਜੀ ਪਰਤ ਖੋਲ੍ਹੀ
ਤਾਂ ਉਸਨੂੰ
ਉਸਦਾ ਧੜਕਦਾ ਦਿਲ ਨਜ਼ਰ
ਆਇਆ
ਲਹੂ ਨਜ਼ਰ ਆਏ
ਅੱਥਰੂ ਨਜ਼ਰ ਆਇਆ
ਉਸਦੇ ਕੰਠ 'ਚ

ਪੱਥਰ ਹੋਏ ਬੋਲ ਨਜ਼ਰ
ਆਏ
ਜਿਨ੍ਹਾਂ 'ਚ ਪ੍ਰਵਾਜ਼ ਤਾਂ ਸੀ
ਪਰ ਖੰਭ ਨਹੀਂ ਸ਼ਨ

-0-

ਉਸਨੇ
ਜਦ ਉਸਦੀ ਚੌਥੀ ਪਤਰ ਖੋਲ੍ਹੀ
ਤਾਂ ਉਸਦੇ ਪੈਰਾਂ 'ਚ
ਧਰਤ ਸੀ
ਸਿਰ ਤੇ ਅਸਮਾਨ ਸੀ
ਜ਼ਿੰਦਗੀ ਸੀ ਜੀਵਨ ਸੀ
ਉਸਦੀ ਦੇਹ ਜਿਉਂਦੇ ਪ੍ਰਾਣ ਸਨ

-0-

ਉਹ
ਉਸਨੂੰ ਪਰਤ-ਦਰ-ਪਰਤ
ਖੋਲ੍ਹਦਾ ਗਿਆ
ਜਦ ਉਸਦੀ ਤੁਰੀ ਤਕ
ਪਹੁੰਚਿਆ
ਉਸਦੇ ਹੱਥ ਮੱਖਣ ਸੰਗ
ਲਿਬੜ ਗਏ
ਤੇ ਉਸਦਾ ਵਜ਼ੂਦ
ਮੱਖਣ 'ਚ ਖੁੱਭ ਗਿਆ
ਉਹ ਜਿੰਨਾ ਉਪਰੋਂ
ਚੁੱਪ ਵੀਰਾਨ ਅਥਰਾ
ਤੇ ਨਿਰਦਈ ਦਿੱਸਦਾ ਸੀ
ਓਨਾ ਹੀ ਅੰਦਰੋਂ ਮੁਲਾਇਮ ਸੀ
ਉਹ ਪੱਥਰ ਸੀ
ਪਰ ਅੱਥਰੂ ਸਮਾਨ ਸੀ

-----

## ਨਜ਼ਰ ਦਾ ਸੱਚ

ਤੂੰ ਆਪਣੇ ਆਪ 'ਚ
ਇਕ ਦੁਨੀਆਂ ਹੈਂ
ਤੇਰਾ ਇਕ ਛੋਟਾ ਜਿਹਾ
ਆਸ਼ੀਆਨਾ ਹੈ
ਇਹ ਤੇਰਾ
ਆਪਣਾ ਟਿਕਾਣਾ ਹੈ
ਜਿਸ 'ਚ ਤੂੰ
ਆਪਣੇ ਆਪ ਤੋਂ ਜਿਸਮ
ਉਤਾਰ ਕੇ
ਆਪਣੀਆਂ ਅੱਖਾਂ ਦੀ
ਬੁੱਕਲ ਮਾਰ ਕੇ
ਆਪਣਾ ਸੱਚ ਹੰਢਾਉਂਦਾ ਹੈਂ

-0-

ਮੈਂ
ਤੇਰੀ ਦੁਨੀਆਂ 'ਚ ਉਤਰਾਂਗਾ
ਦੁਨੀਆਂ ਦੀ
ਪਰਤ-ਦਰ-ਪਰਤ ਖੋਲ੍ਹਾਂਗਾ
ਪੁਰਜਾ ਪੁਰਜਾ ਉਧੇੜਾਂਗਾ
ਤੇਰੀ ਭਾਲ 'ਚ
ਆਪਣਾ ਜਿਸਮ੍ਹ ਬਾਲਾਂਗਾ
ਤੇਰਾ ਆਸ਼ੀਆਨਾ ਭਾਲਾਂਗਾ
ਤੂੰ ਜੋ ਜਿਸਮ

ਆਪਣੇ ਸੱਚ 'ਚ ਉਤਾਰਿਆ ਹੈ
ਉਹ ਜਿਸਮ ਪਹਿਨਾਗਾ

-0-

ਜਿਸਮ ਜੋ ਖੋਲ ਹੈ
ਤੇਰੇ ਸੱਚ ਦਾ
ਉਸਦੀ ਤਾਸੀਰ
ਉਸਦੀ ਜ਼ਮੀਰ 'ਚ
ਆਪਾ ਢ਼ਾਲਾਂਗਾ
ਤਾਂ ਕਿ ਤੇਰੇ ਸੱਚ ਦਾ
ਵਜ਼ੂਦ ਹੋ ਸਕਾਂ
ਤੇਰੇ ਸੱਚ ਦੀ ਰੂਹ 'ਚ ਮੌਜ਼ੂਦ
ਹੋ ਸਕਾਂ
ਇਸ ਲਈ ਭਾਵੇਂ
ਕਈ ਜੀਵਨ
ਮੈਨੂੰ ਆਪਣੇ ਜਿਸਮ 'ਚ
ਤੇਰਾ ਬੀਜ ਬੀਜਣਾ ਪਵੇ

-0-

ਜਦ ਤਕ ਮੈਂ ਤੇਰਾ ਸੱਚ
ਆਪਣੇ ਜਿਸਮ ਚੋਂ ਉੱਗਾ
ਨਹੀਂ ਲੈਂਦਾ
ਤੇਰੇ ਕਦਮਾਂ ਤੇ ਚਲਦਾ ਰਹਾਂਗਾ
ਆਪਣਾ ਖ਼ਾਲੀਪਣ
ਤੇਰੇ ਸੰਗ ਭਰਦਾ ਰਹਾਂਗਾ
ਮੈਂ ਤੇਰੇ ਸੱਚ ਦਾ

ਏਨਾ ਮੁਦੱਈ ਹਾਂ
ਕਿ ਤੇਰੀ ਨਜ਼ਰ
ਜਦ ਵੀ ਆਪਣੇ ਸੱਚ ਨੂੰ ਤੱਕੇ
ਮੇਰੇ ਸੱਚ ਤੋਂ ਸਿਵਾ
ਕੁੱਝ ਹੋਰ ਨਾ ਤੱਕੇ
ਮੇਰਾ ਸੱਚ ਤੇਰੀ ਨਜ਼ਰ ਨੂੰ
ਤੇਰਾ ਸੱਚ ਹੀ ਲੱਗੇ

-0-

ਅਜੇ ਤਾਂ ਮੈਂ
ਤੇਰੇ ਸੱਚ ਦਾ ਖੋਲ ਹੀ
ਪਹਿਨਿਆ ਹੈ
ਅਜੇ ਤਾਂ ਤੇਰੇ ਜਿਸਮ ਚੋਂ
ਆਪਣਾ ਸੱਚ ਉੱਗਾਉਣਾ ਹੈ
ਫਿਰ ਤੇਰੀ ਨਜ਼ਰ ਦਾ ਸੱਚ
ਸੱਚ ਦੀ ਨਜ਼ਰ ਹੋ ਜਾਣਾ ਹੈ

-0-

ਜਦ ਤੇਰੀ ਨਜ਼ਰ 'ਚ
ਤੇਰੇ ਤੇ ਮੇਰੇ ਜਿਸਮ ਦੀ
ਸਿਆਣ ਨਾ ਰਹੀ
ਤੇਰੇ ਤੇ ਮੇਰੇ
ਮੇਰੇ ਤੇ ਤੇਰੇ ਸੱਚ ਦੀ ਪਹਿਚਾਣ
ਨਾ ਰਹੀ
ਨਜ਼ਰ ਨਜ਼ਰ ਰਹੀ

ਸੱਚ ਸੱਚ ਰਿਹਾ
ਨਾ ਸੱਚ ਨਾ ਨਜ਼ਰ ਮੇਰੇ ਵੱਸ ਰਹੀ
ਨਾ ਨਜ਼ਰ ਨਾ ਸੱਚ ਤੇਰੇ ਵੱਸ ਰਿਹਾ
ਫਿਰ ਮੈਂ ਤੇਰੇ ਦਰ ਤੇ
ਦਸਤਕ ਬਣਕੇ ਆਵਾਂਗਾ
ਤੂੰ ਮੇਰਾ ਮੈਂ ਤੇਰਾ ਸਦਾ ਲਈ
ਹੋ ਜਾਵਾਂਗਾ

------

## ਕਲੀ

ਉਹ ਲੋਹ ਪੁਰਸ਼ ਸੀ
ਚਟਾਨ ਸੀ ਪਹਾੜ ਸੀ
ਉਸਦੀ ਇਕ ਮੁੱਠੀ 'ਚੋਂ
ਧਰਤ ਸੀ
ਇਕ 'ਚ ਅਸਮਾਨ ਸੀ

-0-

ਉਹ ਇਕ ਘੁੱਟ 'ਚ
ਸਾਰਾ ਸਾਗਰ ਡੀਕ
ਸਕਦਾ ਸੀ
ਜ਼ਿੰਦਗੀ ਦੁਆਲੇ
ਖਿੱਚ ਲੀਕ ਸਕਦਾ ਸੀ
ਮੌਤ ਵੀ ਨਾ
ਜਿਸ 'ਚ ਪੈਰ ਧਰ ਸਕਦੀ
ਦੁਨੀਆਂ ਦੀ
ਕੋਈ ਵੀ ਤਲਵਾਰ
ਉਸ ਨੂੰ ਨਾ ਕਰ ਸਰ ਸਕਦੀ

-0-

ਉਸਦੇ ਪੈਰਾਂ 'ਚ
ਮੈਦਾਨੇ ਜੰਗ ਦਾ ਚੱਕਰ ਸੀ
ਉਸਦੀ ਫੌਲਾਦੀ ਦੇਹ ਤੇ ਚਿਹਰਾ
ਕਈਆਂ ਜੰਗਾਂ
ਕਈਆਂ ਜਿੱਤਾਂ ਦਾ ਨਕਸ਼ਾ ਸੀ
ਉਸਦੀ ਨਜ਼ਰ 'ਚ
ਪੱਥਰ ਪਿਘਲਦਾ ਲੋਹਾ ਢਲਦਾ ਸੀ

ਉਸਦੇ ਬੋਲ ਬੱਦਲਾਂ ਦੀ
ਗੱਰਜ਼ ਸਨ
ਬਿਜਲੀ ਦੀ ਚਮਕ ਸਨ
ਜ਼ਲਜ਼ਲੇ ਤੂਫ਼ਾਨ ਹਨ੍ਹੇਰੀਆਂ
ਉਸਦੇ ਪੈਰਾਂ ਦੀ ਧਮਕ ਸਨ

-0-

ਉਹ ਆਪਣੀ ਮਾਂ ਦਾ
ਪਲੇਠਾ ਪੁੱਤ ਸੀ
ਉਹ ਵਿਸ਼ਵ ਦਾ ਵਿਜੇਤਾ ਸੀ
ਉਸਦੇ ਹੱਥ ਤਲਵਾਰ ਸੀ
ਉਹ ਪੌਣਾਂ ਦੇ ਘੋੜੇ ਤੇ
ਅਸਵਾਰ ਸੀ
ਉਸਦੀਆਂ ਅੱਖਾਂ 'ਚ
ਦਾਵਾਨਲ ਸੀ
ਉਸਦੇ ਸਿਰ ਤੇ ਸਜਿਆ
ਕਫ਼ਨ ਦਾ ਤਾਜ ਸੀ
ਉਹ ਆਪ ਜੰਗ ਸੀ
ਜੰਗ ਦਾ ਮੈਦਾਨ ਸੀ
ਉਹ ਸ਼ਿਕੱਸਤ ਦੀ ਕੁੱਖ 'ਚ
ਫ਼ਤਹਿ ਦੀ ਆਵਾਜ਼ ਸੀ

-0-

ਉਸਨੂੰ
ਅੱਗਣ ਜਲਾ ਨਹੀਂ ਸੀ
ਸਕਦੀ

ਜਲ ਭਿਉਂ ਨਹੀਂ ਸੀ
ਸਕਦਾ
ਹਵਾ ਸੁੱਕਾ ਨਹੀਂ ਸੀ
ਸਕਦੀ

–0–

ਇਕ ਕਲੀ ਦੀ ਮਹਿਕ
ਹੱਥੋਂ
ਉਹ ਸ਼ਿਕੱਸਤ ਖਾ ਗਿਆ
ਕਲੀ ਦੇ ਹੁਸਨ ਦੇ ਤਾਬ ਦੀ
ਉਹ ਮਾਰ ਹੇਠ ਆ ਗਿਆ
ਜਿਸਦਾ
ਸਿਰ ਕਲਮ ਕਰਨ ਲਈ
ਦੁਨੀਆਂ 'ਚ
ਕੋਈ ਤਲਵਾਰ ਨਹੀਂ ਸੀ
ਕਲੀ ਦੀ ਇਕ ਨਜ਼ਰ ਨੇ
ਉਸਦਾ ਸਿਰ
ਧੜ ਤੋਂ ਵੱਖ ਕਰ ਦਿੱਤਾ
ਉਸਦੀ ਤਲੀ ਤੇ
ਆਪਣੇ ਹੁਸਨ ਦਾ ਸੱਚ
ਧਰ ਦਿੱਤਾ

–0–

ਉਸਨੇ
ਆਪਣੀ ਤਲਵਾਰ ਤੇ
ਵਿਜੈਈ ਦੁਨੀਆਂ

ਉਸ ਕਲੀ ਦੇ ਕਦਮਾਂ 'ਚ
ਧਰ ਦਿੱਤੀ
ਆਪਣਾ ਆਪ
ਉਸਨੂੰ ਭੇਟ ਕਰ ਦਿੱਤਾ
ਤੇ ਆਪਣੀ ਸ਼ਿਕੱਸਤ ਨੂੰ
ਸਵੀਕਾਰ ਕਰ ਲਿਆ

-0-

ਵਿਜੈਈ ਨਿਹੱਥੀ ਕਲੀ ਦੇ
ਸਾਵੇਂ ਖਲੋ ਕੇ
ਬੋਲਿਆ
ਮੈਦਾਨੇ ਜੰਗ ਤੇ
ਤਲਵਾਰ ਤੋਂ ਬਿਨਾਂ ਵੀ
ਵਿਸ਼ਵ ਜਿੱਤਿਆ ਜਾ
ਸਕਦਾ ਹੈ
ਇਕ ਵਿਸ਼ਵ ਵਿਜੇਤਾ
ਖ਼ਾਲੀ ਕਲੀ ਦੇ ਹੱਥੋਂ
ਹਰਾਇਆ ਜਾ ਸਕਦਾ ਹੈ

-----

## ਇਕ ਚਿੰਗਾਰੀ

ਉਸਦੇ ਹੱਥਾਂ ਚੋਂ
ਸਮੇਂ ਦਾ ਹਰ ਪਲ
ਉਸਦੀ
ਉਮਰ ਵਾਂਗ ਕਿਰ ਗਿਆ

-0-

ਮੌਸਮ ਰੁੱਤਾਂ ਬਹਾਰਾਂ
ਆਈਆਂ
ਰੁੱਖਾਂ ਨੂੰ ਪੱਤ ਪਏ
ਪਰ ਉਹ
ਆਪਣੇ ਆਪੇ ਦੀ ਛਾਂ ਹੇਠ
ਬੈਠਾ
ਉਠ ਨਾ ਸਕਿਆ
ਵਗਦੀ ਹਵਾ ਸੰਗ ਤੁਰ ਨਾ
ਸਕਿਆ
ਸਾਵਣ ਵਰ੍ਹਦਾ ਰਿਹਾ
ਉਸਦੀਆਂ ਪਲਕਾਂ 'ਚ
ਪਰ ਉਹ ਭਿੱਜ ਨਾ ਸਕਿਆ
ਆਪਣਾ
ਪਿੰਡਾ ਠਾਰ ਨਾ ਸਕਿਆ
ਆਪਣੀ ਨਜ਼ਰ 'ਚ
ਫੈਲੇ ਸਹਿਰਾ 'ਚ
ਇਕ ਵੀ ਕਣੀ ਉਤਾਰ ਨਾ
ਸਕਿਆ

-0-

ਉਸਨੂੰ ਲੱਗਿਆ
ਉਸਦਾ ਆਪਾ
ਉਸਤੋਂ ਬਹੁਤ ਅੱਗੇ
ਨਿਕਲ ਗਿਆ ਹੈ
ਉਹ ਏਨਾ
ਪਿੱਛੇ ਰਹਿ ਗਿਆ ਹੈ
ਕਿ ਆਪਣੇ ਆਪ ਦੀ ਕੰਡ ਵੀ
ਉਸਨੂੰ ਦਿਸਣੋਂ ਹਟ ਗਈ ਹੈ

-0-

ਉਹ ਆਪਣੇ ਆਪ ਨੂੰ
ਪੱਥਰ ਵਾਂਗ ਗਤੀਹੀਣ
ਮਹਿਸੂਸ ਕਰਦਾ ਹੈ
ਉਸਨੂੰ ਆਪਣਾ ਆਪਾ
ਕਬਰ ਦੀ ਢੇਰੀ ਵਾਂਗ ਲੱਗਦਾ ਹੈ

-0-

ਉਹ ਸੁੰਗੜਦਾ ਸੁੰਗੜਦਾ
ਏਨਾ ਸੁੰਗੜ ਗਿਆ
ਉਸਨੂੰ ਆਪਣਾ ਆਪ ਵੀ
ਪੋਟਿਆਂ 'ਚ ਫੜਿਆ
ਨਾ ਰੜਕਦਾ
ਨਾ ਮਹਿਸੂਸ ਹੁੰਦਾ
ਉਸਨੂੰ ਪਤਾ ਨਾ ਲੱਗਦਾ
ਉਹ ਕੌਣ ਹੈ ਕੀ ਹੈ
ਮਿੱਟੀ ਦਾ ਢੇਲਾ ਹੈ
ਕਿ ਜਿਉਂਦਾ ਜੀਅ ਹੈ

-0-

ਇਕ ਦਿਨ ਸਿਆਲਾਂ 'ਚ
ਸੁਬ੍ਹਾ ਸਵੇਰੇ
ਉਹ ਗਰਮ ਚੁੱਲ੍ਹੇ ਅੱਗੇ ਬੈਠਾ
ਆਪਣੇ ਹੱਡ ਸੇਕਦਾ ਸੀ
ਬੈਠੇ ਬੈਠੇ
ਸੂਰਜ ਨਿਕਲ ਆਇਆ
ਸੂਰਜ ਦੀ ਇਕ ਕਿਰਨ
ਠਰ ਗਏ ਚੁੱਲ੍ਹੇ ਤੇ ਪਈ
ਠਰੀ ਰਾਖ਼ ਚੋਂ
ਇਕ ਚਿੰਗਾਰੀ ਨਿਕਲੀ
ਚੁੱਲ੍ਹੇ ਅੱਗੇ ਡਾਏ
ਉਸਦੇ ਪੈਰਾਂ ਤੇ ਪਈ ਤੇ
ਬੁੱਝ ਗਈ

-0-

ਉਸਨੂੰ ਲੱਗਿਆ
ਉਸਦੀ ਦੇਹ ਚੋਂ
ਸੂਰਜ ਉੱਗ ਪਿਆ ਹੋਵੇ
ਉਸਦੇ ਪੈਰਾਂ ਚੋਂ
ਰਾਹ ਜਨਮ ਪਏ ਹੋਣ
ਉਸਦੀ ਦ੍ਰਿਸ਼ਟੀ 'ਚ
ਦਿਸ਼ਾਵਾਂ ਤੇ ਮੰਜ਼ਿਲਾਂ ਸਿਮਟ
ਆਈਆਂ ਹੋਣ
ਇਕ ਚਿੰਗਾਰੀ ਦੀ ਛੋਹ ਤੋਂ
ਕਦੋਂ ਉਹ ਸੂਰਜ ਹੋ ਗਿਆ

ਉਸਨੂੰ ਪਤਾ ਹੀ ਨਹੀਂ ਲੱਗਾ

-0-

ਉਹ ਕਦੋਂ
ਆਪਣੇ ਅੰਦਰਲੇ ਦੇ ਸਾਂਵੇਂ
ਆ ਖਲੋ ਗਿਆ
ਜੋ ਉਸ ਤੋਂ
ਬਹੁਤ ਅੱਗੇ ਨਿਕਲ
ਆਇਆ ਸੀ
ਉਸਨੂੰ ਸਮਝ ਨਾ ਆਇਆ
ਉਹ ਸਿਰਫ਼
ਇਹ ਜਾਣਦਾ ਸੀ
ਕਿ ਉਹ ਸੁੰਗੜਿਆ
ਬਿੰਦੂ ਨਹੀਂ ਦਾਇਰਾ ਹੈ

-0-

ਜਿਸ 'ਚ
ਨਜ਼ਰ 'ਚ ਫੈਲੇ ਦਿਸਹੱਦੇ
ਸਮਾਏ ਹਨ
ਜਿਸ 'ਚ ਗਤੀਆਂ ਦੇ
ਦਰਿਆ ਵਗਦੇ ਹਨ
ਜਿਸਦੀ ਨਜ਼ਰ 'ਚ
ਪਹਾੜ ਤੁਰਦੇ ਹਨ
ਰੁੱਖ ਤੁਰਦੇ ਹਨ
ਜਿਸ 'ਚ ਵੱਸਦੇ
ਸਭ ਬਿੰਦੂ ਤੇ ਦਾਇਰੇ

ਉਸਦੇ ਕਦਮਾਂ ਲਈ
ਤਰਸਦੇ ਹਨ

-0-

ਉਸਦੇ ਹੱਥਾਂ ਚੋਂ
ਸਮੇਂ ਦਾ ਹਰ ਪਲ
ਉਸਦੀ ਉਮਰ ਵਾਂਗ ਕਿਰ
ਗਿਆ
ਮੌਸਮ ਬਹਾਰਾਂ ਰੁੱਤਾਂ
ਆਈਆਂ
ਰੁੱਖਾਂ ਨੂੰ ਪੱਤ ਪਏ
ਪਰ ਉਹ
ਆਪਣੇ ਆਪੇ ਦੀ ਛਾਂ
ਹੇਠ ਬੈਠਾ
ਉੱਠ ਨਾ ਸਕਿਆ

-----

## ਤੇਰਾ ਮੇਰਾ ਪੈਂਡਾ

ਦਮਾਂ ਦੀ ਪੋਟਲੀ 'ਚ
ਗਿਣੇ ਦਮ ਹਨ ਬਾਕੀ
ਪਰ ਪੈਂਡਾ ਲੰਮੇਰਾ ਹੈ
ਪੈਂਡਾ
ਤੇਰਾ ਜੋ ਮੇਰਾ ਹੈ
ਮੇਰਾ ਜੋ ਤੇਰਾ ਹੈ

-0-

ਆਪਣਾ ਪੈਂਡਾ ਕਰਦਿਆਂ
ਤਾਂ ਉਮਰ ਬੀਤ ਗਈ
ਬੜਾ ਕੁੱਝ
ਦੁਆਲੇ ਇਕੱਠਾ ਕਰ ਲਿਆ
ਬੜਾ ਕੁੱਝ
ਦੁਆਲੇ ਬੁਣ ਲਿਆ
ਬੜਾ ਕੁੱਝ ਕਹਿ ਲਿਆ
ਬੜਾ ਕੁੱਝ ਸੁਣ ਲ਼ਿਆ

-0-

ਹੁਣ ਨਾ ਕੁੱਝ ਕਹਿਣ ਨੂੰ ਹੈ
ਨਾ ਸੁਣਨ ਨੂੰ
ਹੁਣ ਤਾਂ ਡੋਲਾ ਦੇਹ ਦਾ ਹੈ
ਤੁਰਨ ਨੂੰ
ਤੁਰਨ ਲੱਗਿਆਂ ਜਾਣਿਆ
ਜੋ ਖਟਿਆ ਕਮਾਇਆ ਹੈ
ਉਹ ਤਾਂ ਆਪਣਾ ਨਹੀਂ
ਸਭ ਪਰਾਇਆ ਹੈ

-0-

ਜੀਵਨ 'ਚ
ਜੋ ਕੱਤਿਆ ਬੁਣਿਆ
ਤੇ ਉਣਿਆ ਹੈ
ਉਸ 'ਚ
ਆਉਣ ਵਾਲੇ ਲਈ ਕੁੱਝ
ਵੀ ਨਹੀਂ
ਜੋ ਉਸਨੂੰ ਭੇਟ ਕਰ ਸਕੀਏ
ਕਿ ਅਸੀਂ
ਜੀਵਨ ਸਫ਼ਲਾ ਗੁਜ਼ਾਰਿਆ ਹੈ
ਕੁੱਝ ਭਾਰ ਜ਼ਿੰਦਗੀ ਦਾ
ਸਿਰ ਤੋਂ ਉਤਾਰਿਆ ਹੈ

-0-

ਆਪਣਾ ਪੈਂਡਾ ਕਰਦੇ ਰਹੇ
ਜੀਵਨ 'ਚ ਜੀਵਨ ਦੀ ਥਾਂ
ਕਬਰਾਂ ਧਰਦੇ ਰਹੇ
ਨਫ਼ਰਤਾਂ ਬੀਜਦੇ ਰਹੇ
ਦੁਸ਼ਮਣੀਆਂ ਉੱਗਾਉਂਦੇ ਰਹੇ
ਕ੍ਰੋਧ ਤੇ ਹੰਕਾਰ ਜਿਉਂਦੇ ਰਹੇ
ਭ੍ਰਿਸ਼ਟਾਚਾਰ ਝੂਠ ਫਰੇਬ
ਤੇ ਰਿਸ਼ਵਤਖੋਰੀ ਦੇ ਰੁੱਖ
ਲਾਉਂਦੇ ਰਹੇ

-0-

ਛੁਪਾ ਕੇ ਝੂਠ ਆਪਣਾ
ਪੁੱਤਲੇ ਸੱਚ ਦੇ ਅਖਵਾਉਂਦੇ ਰਹੇ

ਨਾ ਦਇਆ ਹੀ ਕੀਤੀ
ਨਾ ਪਿਆਰ ਹੀ ਵੰਡਿਆ
ਵਿੱਥਾਂ ਫ਼ਾਸਲੇ ਸਿਰਜਦੇ ਰਹੇ
ਮਨੁੱਖ ਦਾ ਦੁਸ਼ਮਣ
ਮਨੁੱਖ ਨੂੰ ਬਣਾਉਂਦੇ ਰਹੇ
ਪੁੰਜ ਅਮਨ ਤੇ ਸ਼ਾਂਤੀ ਦੇ
ਆਪਣੇ ਆਪ 'ਚ ਸੱਦਵਾਉਂਦੇ
ਰਹੇ

-0-

ਅਸਾਂ ਅਨਾਜ ਦੇ ਖੇਤਾਂ 'ਚ
ਅੱਗਾਂ ਬੀਜੀਆਂ
ਹਵਾ ਅੱਗਣ ਜਲ ਧਰਤ
ਨੂੰ ਤਕਸੀਮਿਆਂ
ਕੁਦਰਤ ਲੂਹੀ ਦੁਨੀਆਂ ਨੂੰ
ਧੁੰਆਖਿਆ
ਬਰੂਦ ਦੇ ਬੱਦਲ
ਅੰਬਰ ਤੋਂ ਵਰ੍ਹਸਾਉਂਦੇ ਰਹੇ
ਮਨੁੱਖਤਾ ਜਲਾਉਂਦੇ ਰਹੇ

-0-

ਅਸੀਂ ਭੁੱਖ ਵੰਡਦੇ ਰਹੇ
ਗਰੀਬੀ ਤੇ ਬੇਰੁਜ਼ਗਾਰੀ
ਕੱਤਦੇ ਰਹੇ
ਆਪਣਾ ਪੈਂਡਾ ਕਰਦਿਆਂ

ਆਪਾ ਗੁਆ ਲਿਆ
ਆਪਣੀ ਹੋਂਦ
ਆਪਣਾ ਸੱਚ ਮਿਟਾ ਲਿਆ

–0–

ਤੇਰਾ ਪੈਂਡਾ ਕਰਦੇ ਤੇ ਜਾਣਦੇ
ਆਪਣੀ ਮੈਂ ਦਾ ਨਰਕ
ਪਹਿਚਾਣਦੇ
ਜੀਵਨ ਨੂੰ ਸਮੇਟਦੇ
ਜੀਵਨ ਦਾ ਸੱਚ ਜਾਣਦੇ
ਮਨੁੱਖ ਸਾਂ
ਮਨੁੱਖ ਨੂੰ ਸਿਆਣਦੇ

–0–

ਤੇਰਾ ਪੈਂਡਾ ਕਰਦੇ
ਸੱਚ ਸੁੰਦਰਤਾ ਕਲਿਆਣ
ਆਪਣੀ ਤਲੀ ਤੇ ਧਰਦੇ
ਪਿਆਰ ਸਾਂਝੀਵਾਲਤਾ
ਸਰਬੱਤ ਦੇ ਭਲੇ ਦਾ ਗਿਆਨ
ਹੁੰਦਾ
ਜੀਵਨ ਦੀ ਕਦਰ ਹੁੰਦੀ
ਮਨੁੱਖਤਾ ਦਾ ਸਨਮਾਨ ਹੁੰਦਾ

–0–

ਤੇਰਾ ਪੈਂਡਾ ਕਰਦੇ
ਜੀਵਨ 'ਚ
ਜੋ ਕੁੱਝ ਵੀ ਕਮਾ ਕੇ ਧਰਦੇ
ਆਪਣੇ ਨਾਲ ਖੜਦੇ

ਜੀਵਨ ਸਫ਼ਲ ਕਰ ਜਾਂਦੇ
ਮੱਘਦੇ ਸੂਰਜ
ਜ਼ਿੰਦਗੀ ਦੇ ਠਰਦੇ ਅੰਗੀਂ
ਘ਼ਰ ਜਾਂਦੇ

-0-

ਤੇਰਾ ਪੈਂਡਾ ਕਰਨ ਦਾ ਵੇਲਾ
ਤਾਂ ਹੁਣ ਬਹੁਤ ਪਿੱਛੇ ਰਹਿ ਗਿਆ
ਜ਼ਿੰਦਗੀ ਦੀ ਸ਼ਾਮ ਢਲ ਗਈ ਹੈ
ਸਾਹਾਂ ਦਾ ਹਨ੍ਹੇਰਾ ਪੈ ਗਿਆ ਹੈ
ਅਸੀਂ
ਆਪਣੀਆਂ ਕਬਰਾਂ
ਆਪ ਉਸਾਰ ਲਈਆਂ ਹਨ
ਆਪਣੀਆਂ ਕਿਸ਼ਤੀਆਂ
ਭਵਰ 'ਚ ਉਤਾਰ ਲਈਆਂ ਹਨ
ਹੁਣ ਬੇੜੀਆਂ ਸਮੇਤ
ਡੁੱਬਣਾ ਜ਼ਰੂਰੀ ਹੈ
ਸੀ ਆਪਣੀ ਹੀ ਧੁੰਨੀ 'ਚ
ਜੋ ਮਰਨ ਕੰਢੇ ਨਜ਼ਰ
ਆਈ ਕਸਤੂਰੀ ਹੈ

------

## ਅਲੋਪ

ਉਹ
ਆਪਣੀ ਪਹਿਚਾਣ ਲਈ
ਦੇਹ ਦੇ ਸਾਗਰ 'ਚ ਉਤਰਿਆ

-0-

ਦੇਹ ਦੇ ਸਾਗਰ ਕਿਨਾਰੇ
ਉਸਦਾ ਪਿੰਜਰ
ਉਸਦੀ ਖੋਪਰੀ
ਉਸਦੀਆਂ ਲੱਤਾਂ ਬਾਹਾਂ ਤੇ
ਹੱਡੀਆਂ ਖਿਲਰੀਆਂ
ਪਈਆਂ ਸਨ

-0-

ਉਸਦੀ ਪਹਿਚਾਣ
ਉਸ 'ਚ ਆਪਾ ਧਰਨ ਲਈ
ਉਸਦੇ ਖੋਲ ਨੂੰ ਭਾਲ ਰਹੀ ਸੀ
ਖੋਲ ਜੋ
ਉਹ ਪਹਿਚਾਣਦੀ ਤਲਾਸ਼ 'ਚ
ਗੁਆ ਆਇਆ ਸੀ

-0-

ਸਾਗਰ 'ਚ ਤਰਦੀ
ਪਹਿਚਾਣ ਤੇ ਖੋਲ ਵਿਚਲੀ
ਵਿੱਥ ਨਜ਼ਰ ਆ ਰਹੀ ਸੀ
ਪਹਿਚਾਣ ਚੋਂ ਖੋਲ
ਖੋਲ ਚੋਂ ਪਹਿਚਾਣ ਅਲੋਪ ਸੀ

-0-

ਉਹ ਜੋ
ਆਪਣੀ ਪਹਿਚਾਣ ਲਈ
ਦੇਹ ਦੇ ਸਾਗਰ 'ਚ
ਉਤਰਿਆ ਸੀ
ਨਾ ਪਹਿਚਾਣ
ਨਾ ਖੋਲ ਉਸਦੇ ਪਾਸ ਸੀ

-0-

ਉਹ ਦੇਹ ਦੇ ਸਾਗਰ ਕਿਨਾਰੇ ਖੜ੍ਹਾ ਸੀ
ਦੇਹ ਦਾ ਸਾਗਰ ਬੋਲਿਆ
ਇਹੀ ਤਾਂ ਤੇਰੀ ਪਹਿਚਾਣ ਹੈ
ਕਿ ਖੋਲ ਤੇ ਪਹਿਚਾਣ ਤੋਂ ਬਿਨਾਂ
ਸ਼ੂਨਯ ਹੋ ਕੇ ਵੀ ਤੂੰ ਵੱਸਦਾ
ਜਹਾਨ ਹੈਂ

-0-

ਤੂੰ ਦੇਹ ਪ੍ਰਾਣ ਕੰਠ ਬਿਨਾਂ
ਉਹ ਫ਼ੁਰਮਾਨ ਹੈਂ
ਜਿਸਨੂੰ ਸ਼ਬਦ ਨਾ ਅਰਥ
ਨਾ ਆਵਾਜ਼ ਦੀ ਲੋੜ ਹੈ
ਜੋ ਆਪਣੇ ਆਪ 'ਚ ਸਯੰਭੂ ਹੈ
ਜੋ ਖੋਲ ਤੇ ਪਹਿਚਾਣ
ਸ਼ਬਦ ਤੇ ਅਰਥ ਦੀ ਰੂਹ ਹੈ
ਇਹ ਤੇਰਾ ਸੱਚ ਹੈ
ਜੋ ਆਦਿ ਸੱਚ ਹੈ ਜੁਗਾਦਿ ਸੱਚ ਹੈ
ਦੇਹ ਤੇ ਪਹਿਚਾਣ ਸ਼ਬਦ ਤੇ ਅਰਥ
ਆਦਿ ਕੱਚ ਹੈ ਜੁਗਾਦਿ ਕੱਚ ਹੈ

-----

# ਪੱਥਰ ਦਾ ਸਫ਼ਰ
(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ਤਤਕਰਾ

1. ਸੰਘਰਸ਼
2. ਬਾਰਿਸ਼
3. ਜ਼ਹਿਰ ਤੇ ਅੰਮ੍ਰਿਤ
4. ਬੰਜਰ ਖੇਤ
5. ਹਰਿਆਵਲ ਜੰਗਲ
6. ਚਾਂਦਨੀ ਦਾ ਜਨਮ
7. ਨਿਰਜਲਤਾ
8. ਗਤੀ ਤੇ ਪੱਥਰ
9. ਸਿਰ ਤੇ ਤ੍ਰਿਸ਼ਨਾ
10. ਭਟਕਣ ਤੇ ਤਲਾਸ਼
11. ਪੱਥਰ ਤੇ ਦ੍ਰਿਸ਼ਟੀ
12. ਖਲਾਅ ਤੇ ਉਹ
13. ਜਿਉਂਦੀ ਖੁਦਕੁਸ਼ੀ
14. ਚੁੱਪ ਤੇ ਉਹ
15. ਵੀਰਾਨੀ ਤੇ ਰੁੱਖ
16. ਘਰ ਤੇ ਉਹ
17. ਇਕੱਲਤਾ ਦਾ ਸੱਚ
18. ਮੀਂਹ
19. ਲਕੀਰ ਦਾ ਸਫ਼ਰ
20. ਕਿਰਨ ਦਾ ਚਿਹਰਾ
21. ਬਿੰਦੂ
22. ਅੰਗਿਆਰ ਤੇ ਪੈਰ
23. ਦਾਣੇ ਦਾ ਸਫ਼ਰ
24. ਕਬਰ ਦੀ ਬੁੱਕਲ
25. ਕੁੱਝ ਵੀ ਨਹੀਂ
26. ਕਾਲੇ ਦਿਨ
27. ਕਿਰਦਾਰ
28. ਰੋਹੀ ਦਾ ਰੁੱਖ
29. ਚੁੱਪ ਦੀ ਆਵਾਜ਼
30 ਦਾਇਰੇ ਦਾ ਬਿੰਦੂ
31. ਧੜਕਣ

## ਸੰਘਰਸ਼

ਸਹਿਰਾ ਦਾ ਸਫ਼ਰ ਹੈ
ਦੇਹ 'ਚ ਉਤਰ ਆਏ ਹਨ
ਕਈਆਂ ਸੂਰਜਾਂ ਦੇ ਕਾਫ਼ਲੇ
ਤੰਦੂਰ ਹੋਏ ਤਨ 'ਚ
ਵੱਧਦੇ ਜਾ ਰਹੇ ਹਨ
ਦੇਹ ਤੇ ਸਾਹਾਂ ਦੇ ਫ਼ਾਸਲੇ

-0-

ਦੇਹ ਨੁਚੜ ਕੇ
ਪਸੀਨੇ ਦੀ ਬੂੰਦ ਹੋ ਗਈ ਹੈ
ਬਲਦੇ ਦਾਵਾਨਲ ਦੇ
ਦਰਮਿਆਨ ਖਲੋ ਗਈ ਹੈ
ਤਪ ਰਿਹਾ ਹੈ ਥਲ
ਵਿਚ ਸੜ ਰਿਹਾ ਹਾਂ ਮੈਂ
ਸੜਦੇ ਥਲ ਦੀ ਤਲੀਏ
ਸਾਗਰ ਧਰ ਰਿਹਾ ਹਾਂ ਮੈਂ

-0-

ਥਲ ਹੈ
ਕਿ ਹੋਰ ਤਪਦਾ ਜਾ ਰਿਹਾ ਹੈ
ਦੇਹ ਤੇਰੀ ਦੀ ਬੂੰਦ ਨੂੰ
ਭਾਫ਼ ਕਰਦਾ ਜਾ ਰਿਹਾ ਹੈ
ਜਿੰਨਾਂ ਮੇਰਾ ਆਪਾ ਤੇ ਥਲ ਤਪੇਗਾ
ਓਨਾ ਹੀ ਮੀਂਹ ਥਲ ਤੇ
ਹੋਰ ਅੰਬਰ ਤੋਂ ਵਰ੍ਹੇਗਾ

-0-

ਬੱਦਲ ਦੀ ਆਸ 'ਚ
ਸੂਰਜ ਤੇ ਥਲ ਨਾਲ ਲੜ
ਰਿਹਾ ਹਾਂ ਮੈਂ
ਆਪਣੀ ਦੇਹ ਕੋਲੋਂ ਕਰ ਰਿਹਾ ਹਾਂ ਮੈ
ਥਲ ਦੀ ਤਪਸ਼ 'ਚ
ਹਰਿਆਵਲ ਦੇ ਰੰਗ ਭਰ
ਰਿਹਾ ਹਾਂ ਮੈਂ

-0-

ਇਹ ਮੇਰਾ ਸਫ਼ਰ
ਚਾਹੇ ਥਲ ਚਿੱਥਣ ਦਾ ਹੈ
ਚਾਹੇ ਢਿੱਡ 'ਚ ਸੂਰਜ ਉਤਾਰਣ ਦਾ
ਇਹ ਸਫ਼ਰ ਹੈ
ਥਲ 'ਚ ਸਾਗਰ ਉਗਾਉਣ ਦਾ
ਇਹ ਸਫ਼ਰ ਹੈ
ਕੁੱਝ ਕਰਕੇ ਮਰ ਜਾਣ ਦਾ
ਇਕ ਬੂੰਦ ਪੁੰਗਰਣ ਦੇ ਸਹਾਰੇ
ਚਲ ਰਿਹਾ ਹਾਂ ਮੈਂ
ਲਹੂ ਤੋਂ ਥਲ ਦੀ ਰੇਤ ਦੇ ਵਿਚ
ਢਲ ਰਿਹਾ ਹਾਂ ਮੈਂ

-0-

ਹੋਂਦ ਮੇਰੀ ਦਾ ਆਖ਼ਰੀ ਕਤਰਾ
ਥਲ ਹੋਣ ਤੋਂ ਪਹਿਲਾਂ
ਸਾਗਰ ਚੋਂ ਉੱਠੀ ਲਹਿਰ ਦਾ
ਨਜ਼ਾਰਾ ਹੋ ਗਿਆ ਹਾਂ ਮੈਂ

ਤੱਪਦੇ ਥਲ ਦੇ ਸੀਨੇ ਦਾ
ਸਾਗਰ ਹੋ ਗਿਆ ਹਾਂ ਮੈਂ

-0-

ਥਲ ਚੋਂ ਜਨਮਿਆਂ
ਸਾਗਰ 'ਚ ਸਮਾਇਆ
ਬਸ਼ਰ ਹਾਂ ਮੈਂ
ਥਲ ਦਾ ਆਗ਼ਾਜ਼ ਹਾਂ
ਸਾਗਰ ਦਾ ਹਸ਼ਰ ਹਾਂ ਮੈਂ

-0-

ਸਹਿਰਾ ਦਾ ਸਫ਼ਰ ਹੈ
ਦੇਹ 'ਚ ਉਤਰ ਆਏ ਹਨ
ਕਈਆਂ ਸੂਰਜਾਂ ਦੇ ਕਾਫ਼ਲੇ
ਤੰਦੂਰ ਹੋਏ ਤਨ 'ਚ
ਵੱਧਦੇ ਜਾ ਰਹੇ ਹਨ
ਦੇਹ ਤੇ ਸਾਹਾਂ ਦੇ ਫ਼ਾਸਲੇ

-----

## ਬਾਰਿਸ਼

ਭਿੱਜੀ ਹੈ ਦੇਹ ਬਾਰਿਸ਼ 'ਚ ਕਦੀ
ਛਾਲਾ ਹੋਇਆ ਹੈ ਜਿਸਮ
ਸੜਦੇ ਥਲ 'ਚ ਕਦੀ
ਕਣੀਆਂ ਹੋਈ ਦੇਹ 'ਚ ਗਰਜਦੈ
ਬੱਦਲ ਅਜੇ
ਰੇਤ ਹੋਏ ਬਦਨ 'ਚ ਜਿਉਂਦੈ ਸਹਿਰਾ ਅਜੇ

-0-

ਮੀਂਹ ਨੂੰ ਆਖਾਂ ਹੋਰ ਵਰ੍ਹ
ਥਲ ਨੂੰ ਆਖਾਂ ਹੋਰ ਤਪ
ਦੇਹ ਨੂੰ ਆਖਾਂ ਸੜਕੇ ਰਾਖ਼ ਹੋ ਜਾ
ਕਣੀਆਂ ਤੋਂ ਭਾਫ਼ ਹੋ ਜਾ
ਹਕੀਕਤ ਦਾ ਸ਼ਬਾਬ ਹੋ ਜਾ
ਬੂੰਦ ਚੋਂ ਭਾਫ਼ 'ਚ ਢਲੇਂਗਾ
ਤਾਂ ਸੱਚ ਦਾ ਪਾਸ ਹੋਵੇਂਗਾ
ਅੱਗ ਤੇ ਤੁਰੇਂਗਾ
ਤਾਂ ਜਲ ਦਾ ਅਹਿਸਾਸ ਹੋਵੇਗਾ

-0-

ਸਿਰ ਤੇ ਔਕੜਾਂ ਦਾ ਅੰਬਰ ਉਠਾ
ਨਜ਼ਰ 'ਚ ਪੀੜਾਂ ਦੇ ਦਿਸਹੱਦੇ ਪਾ
ਫੁੱਲਾਂ ਦੀ ਥਾਂ ਧਰਤ ਤੇ ਕੰਡੇ ਵਿੱਛਾ
ਰਾਹ ਦੇ ਹਰ ਰੁੱਖ ਨੂੰ
ਗ਼ਮਾਂ ਦੀ ਪਿਉਂਦ ਲਾ
ਸਰੀਰਕ ਪ੍ਰਣਾਲੀ ਨੂੰ ਅੱਗ 'ਚ ਜਿਉਣਾ ਸਿਖਾ
ਉਹ ਰੇਤ ਹੋਇਆ ਕਣੀਆਂ ਹੋਇਆ

ਥਲ ਤੇ ਭੁਰਦਾ ਜਾ ਰਿਹਾ ਸੀ
ਰੇਤ ਚੋਂ ਸਹਿਰਾ
ਕਣੀਆਂ ਚੋਂ ਬੱਦਲ ਉੱਗਾ ਰਿਹਾ ਸੀ

–0–

ਉਹ ਥੱਕ ਟੁੱਟ ਕੇ
ਜਦ ਚੂਰ ਚੂਰ ਪੁਰਜਾ ਪੁਰਜਾ
ਕਤਰਾ ਕਤਰਾ ਹੋ
ਕੁੱਝ ਵੀ ਨਾ ਰਿਹਾ
ਉਸਨੇ ਆਪਣਾ ਆਪਾ
ਅੰਗਾਂ ਨਕਸ਼ਾਂ ਸਿਫ਼ਰਿਆਂ 'ਚ
ਤਕਸੀਮਿਆਂ ਪਾਇਆ
ਦੁੱਖਾਂ ਨੇ ਉਸਦਾ
ਉਸਨੇ ਦੁੱਖਾਂ ਦਾ ਰੂਪ ਵਟਾਇਆ

–0–

ਉਸਨੂੰ ਦੁੱਖਾਂ 'ਚ
ਜਦ ਆਪਾ ਚਿੱਥਿਆ ਤਿੜਕਿਆ
ਨਜ਼ਰ ਆਇਆ
ਉਸਦੇ ਮੱਥੇ ਚੋਂ
ਉਸਨੂੰ ਹੋਂਦ ਦੀ ਇਕਾਈ ਦਾ ਸੱਚ
ਨਜ਼ਰ ਆਇਆ

–0–

ਇਕ ਅੰਗਿਆਰ
ਉਸਦੇ ਦਿਸਹੱਦੇ ਤੇ ਮੱਘਿਆ
ਇਕ ਦੀਵਾ
ਉਸਦੀ ਨਜ਼ਰ 'ਚ ਜਗਿਆ
ਉਹ ਦੁੱਖਾਂ ਨੂੰ ਜਪਦਾ ਸਿਮਰਦਾ ਧਿਆਉਂਦਾ

ਆਪਣੀ ਸੁਰਤੀ 'ਚ ਉਤਾਰਦਾ ਗਿਆ
ਦੁੱਖ ਹੀ ਦੁੱਖ ਹਿਰਦੇ 'ਚ ਉਚਾਰਦਾ ਗਿਆ

-0-

ਦਿਸਹੱਦੇ ਤੇ ਮੱਘਦੇ
ਅੰਗਿਆਰ ਚੋਂ
ਇਕ ਸੂਰਜ ਉਦੈ ਹੋਇਆ
ਉਸਨੂੰ ਪਤਾ ਹੀ ਨਹੀਂ ਲੱਗਾ
ਉਹ ਸੂਰਜ ਕਦੋਂ ਚੰਨ 'ਚ ਬਦਲ ਗਿਆ
ਉਹ ਥਲ 'ਚ ਮੋਇਆ ਸੀ
ਚਾਂਦਨੀ 'ਚ ਜਿਉਂਦਾ ਹੈ
ਉਹ ਜਦ ਵੀ ਮੂੰਹ ਖੋਲ੍ਹਦਾ ਹੈ
ਦੁੱਖ ਹੀ ਦੁੱਖ ਸਿਮਰਦਾ ਹੈ
ਦੁੱਖ ਹੀ ਦੁੱਖ ਧਿਆਉਂਦਾ ਹੈ

-----

# ਜ਼ਹਿਰ ਤੇ ਅੰਮ੍ਰਿਤ

ਉਸ ਸਾਗਰ ਮੰਥਨ ਕੀਤਾ
ਤੇ ਸਾਰਾ ਜ਼ਹਿਰ ਪੀ ਲਿਆ
ਕੁੜੱਤਣ 'ਚ ਵਿਚਰਦਾ ਜਿਉਂਦਾ
ਕੁੜੱਤਣ ਹੋ ਗਿਆ

–0–

ਉਸਦੀ ਦੇਹ 'ਚ ਨਾਗਾਂ ਦਾ ਵਾਸ ਸੀ
ਅੰਗ ਡੰਗਾਂ ਦਾ ਯਥਾਰਥ ਸਨ
ਉਸਦੀ ਦੇਹ ਦੀ ਪ੍ਰਣਾਲੀ
ਸਦਾ ਵਿਸ ਘੋਲਦੀ
ਨਕਸ਼ ਜ਼ਹਿਰ ਉੱਗਲਦੇ
ਪ੍ਰਾਣ ਜ਼ਹਿਰ ਦੇ ਸਹਾਰੇ ਸਨ
ਈਰਖ਼ਾ ਨਫ਼ਰਤ ਵੈਰ ਵਿਰੋਧ
ਤੇ ਹੰਕਾਰ
ਉਸ ਆਪਣੀ ਦੇਹ 'ਚ ਉਤਾਰੇ ਸਨ

–0–

ਉਸਦੀ ਭੁੱਖ ਪਿਆਸ ਜ਼ਹਿਰ ਸੀ
ਤਾਸੀਰ ਤੇ ਜ਼ਮੀਰ ਜ਼ਹਿਰ ਸੀ
ਉਹ ਜ਼ਹਿਰ ਪੀਂਦਾ ਪੀਂਦਾ
ਆਪਣਾ ਸੱਚ ਖੋਹ ਗਿਆ
ਜ਼ਹਿਰ ਦਾ ਜ਼ਹਿਰ ਹੋ ਗਿਆ

–0–

ਉਸਦਾ ਡੰਗ
ਜਦ ਆਪਣੀ ਹੱਦ ਟੱਪ ਗਿਆ
ਉਸਦਾ ਸੱਚ

ਉਸਦੇ ਕਲਬੂਤ ਤੋਂ
ਹੋ ਅਲੱਗ ਗਿਆ
ਸੱਚ ਬੋਲਿਆ
ਐ ਕਲਬੂਤ ਮੈਂ ਜ਼ਹਿਰ ਨਹੀਂ
ਨਫ਼ਰਤ ਈਰਖ਼ਾ ਵੈਰ ਵਿਰੋਧ ਨਹੀਂ
ਮੈਂ ਤਾਂ ਸੱਚ ਹਾਂ ਕਲਿਆਣ ਹਾਂ
ਕਣਕ ਚੌਲ ਕਪਾਹ ਮੱਕੀ ਹਾਂ
ਖਲਿਆਣ ਹਾਂ
ਰਹਿਮਤਾਂ ਨਿਹਮਤਾਂ ਦਾ ਦਰ ਹਾਂ
ਮੈਂ ਮਨੁੱਖ ਲਈ
ਜ਼ਿੰਦਗੀ ਦਾ ਵਰ ਹਾਂ

-0-

ਐ ਕਲਬੂਤ
ਤੂੰ ਮੈਨੂੰ ਪਹਿਚਾਣ
ਆਪਣੇ ਰੁੱਖ ਵਿਚਲਾ
ਬੀਜ ਸਿਆਣ
ਜਿਸਦੀ ਜੜ੍ਹ ਅੰਮ੍ਰਿਤ ਹੈ
ਟਹਿਣੀ ਟਹਿਣੀ ਪੱਤਾ ਪੱਤਾ
ਸ਼ਰਬਤ ਹੈ
ਫੁੱਲ ਸਕੂਨ ਹੈ ਫੱਲ ਪਿਆਰ ਹੈ
ਨਾ ਵੈਰ ਵਿਰੋਧ ਨਾ ਨਫ਼ਰਤ
ਨਾ ਹੰਕਾਰ ਹੈ

-0-

ਮੈਂ ਤੇਰੀ ਦੇਹ ਦੀ ਧਰਤੀ
ਜ਼ਹਿਰ ਸੰਗ ਸਿੰਜੀ ਸੀ

ਜ਼ਹਿਰ ਚੋਂ ਜ਼ਹਿਰ ਦਾ
ਸੱਚ ਉਗਾਉਣ ਲਈ
ਆਪਾ ਮਿਟਾ ਕੇ ਆਪਣਾ
ਅੰਮ੍ਰਿਤ ਜੋ ਜ਼ਹਿਰ ਦੀ ਕੁੱਖ ਹੈ
ਜ਼ਹਿਰ ਨੂੰ ਵਿਖਾਉਣ ਲਈ
ਤਾਂ ਕਿ ਜ਼ਹਿਰ ਨੂੰ
ਆਪਣਾ ਆਗ਼ਾਜ਼ ਸਮਝ ਆਉਂਦਾ
ਆਪਣਾ ਹਸ਼ਰ ਸਮਝ ਆਉਂਦਾ
ਉਹ ਆਪਣੇ ਸੱਚ ਨੂੰ ਪਾਉਂਦਾ
ਜ਼ਹਿਰ ਤੋਂ ਅੰਮ੍ਰਿਤ ਹੋ ਜਾਂਦਾ

-0-

ਇਹ ਸੁਣਕੇ
ਜ਼ਹਿਰ ਦਾ ਕਲਬੂਤ ਠਰ ਗਿਆ
ਕਲਬੂਤ ਦੀ ਧੁੰਨੀ ਚੋਂ
ਅੰਮ੍ਰਿਤ ਦਾ ਦਰਿਆ ਵਗ ਪਿਆ
ਕਲਬੂਤ ਆਪਣੀ ਮਿਠਾਸ
ਧਰਤੀ ਦੇ ਜ਼ਰੇ ਜ਼ਰੇ 'ਚ ਧਰ ਗਿਆ
ਧਰਤੀ ਤੇ ਫੈਲੇ ਜ਼ਹਿਰ ਨੂੰ
ਅੰਮ੍ਰਿਤ ਕਰ ਗਿਆ

-----

## ਬੰਜਰ ਖੇਤ

ਉਹ ਗਰੀਬੀ
ਇਕੱਲਤਾ ਵੀਰਾਨੀ ਚੁੱਪ
ਉਦਾਸੀ ਦੇ ਹਨ੍ਹੇਰੇ 'ਚ ਘਿਰਿਆ
ਜੀਅ ਰਿਹਾ ਸੀ
ਸੂਰਜ ਧੁੱਪ ਰੌਸ਼ਨੀ ਨਹੀਂ
ਤਾਂ ਕੀ ਹੋਇਆ
ਮੇਰੇ ਤੋਂ ਵੀ ਗਰੀਬੜੇ ਲੋਕ ਹਨ
ਸੰਸਾਰ 'ਚ
ਆਪਣੇ ਆਪ ਨੂੰ ਸਮਝਾ ਕੇ
ਘੁੱਟ ਸਬਰ ਦੇ ਪੀ ਰਿਹਾ ਸੀ

-0-

ਸੂਰਜ ਚੜ੍ਹੇ
ਉਹ ਘਰੋਂ ਨਿਕਲਦਾ
ਸੂਰਜ ਢਲੇ ਘਰ ਪਰਤਦਾ
ਮਿਹਨਤ ਮਜ਼ਦੂਰੀ ਕਰਦਾ
ਝੱਟ ਲੰਘਾ ਰਿਹਾ ਸੀ ਉਹ
ਉਸਦਾ ਭਾਣਾ ਮੰਨ
ਦਿਨ ਟੱਪਾ ਰਿਹਾ ਸੀ ਉਹ

-0-

ਸੋਚਦਾ ਗਰੀਬੀ ਇਕੱਲਤਾ
ਵੀਰਾਨੀ ਚੁੱਪ ਤੇ ਉਦਾਸੀ
ਦਾਤੇ ਦੀਆਂ ਰਹਿਮਤਾਂ ਹਨ
ਨਿਹਮਤਾਂ ਹਨ

ਮੇਰੀ ਪਹਿਚਾਣ ਹਨ ਸਿਆਣ ਹਨ
ਇਹ ਤੂੰ ਹੀ ਕੱਟੇਂਗਾ ਤੂੰ ਹੀ ਪਾਈਆਂ
ਤੇਰਾ ਭਾਣਾ ਮੀਠਾ ਲਾਗੇ
ਮਿਹਰਾਂ ਦਿਆ ਸਾਈਆਂ

-0-

ਉਸਦੇ ਘਰ ਦਾ ਚੁੱਲ੍ਹਾ ਠੰਡਾ
ਭਾਂਡੇ ਢਿੱਡੋਂ ਖ਼ਾਲੀ
ਆਟੇ ਦਾ ਪੀਪਾ ਸੱਖਣਾ
ਉਹ ਰੁੱਖੀ ਸੁੱਖੀ ਖਾ ਕੇ
ਦਾਤੇ ਦਾ ਸ਼ੁਕਰ ਗੁਜ਼ਾਰਦਾ
ਜਿਵੇਂ ਗੁਜ਼ਰਦਾ ਸਮਾਂ ਗੁਜ਼ਰਦਾ

-0-

ਜਦ ਮੁਸੀਬਤਾਂ ਦੇ ਭਾਰ ਹੇਠ ਆਇਆ
ਦਮ ਤੌੜ ਰਿਹਾ ਸੀ
ਉਸਦੇ ਪਿੰਜਰੇ ਵਿਚਲਾ ਤੋਤਾ ਬੋਲਿਆ
ਧਨ ਤੇਰਾ ਸਿੱਦਕ
ਧਨ ਤੇਰੀ ਕਮਾਈ ਹੈ
ਉੱਠ ਬੂਹਾ ਖੋਲ੍ਹ
ਤੇਰੇ ਦਰ ਤੇ ਬਹਾਰ ਆਈ ਹੈ
ਤੇਰੀਆਂ ਮੁਸੀਬਤਾਂ
ਸੁੱਖਾਂ ਦਾ ਰੂਪ ਧਾਰਿਐ
ਆਪਣੇ ਤੋਂ ਆਪਣੀ
ਕੂੰਜ ਨੂੰ ਉਤਾਰਿਐ

-0-

ਬਾਹਾਂ ਖੋਲ੍ਹ ਗਲੀ ਚੋਂ
ਤੈਨੂੰ ਕੋਈ ਪੁਕਾਰ ਰਿਹਾ ਹੈ

ਕਰਜ਼ਾ ਮੁਸੀਬਤਾਂ ਦਾ ਜਿਸ ਲਈ
ਆਪਣੇ ਸਿਰ ਚਾੜ੍ਹਿਆ ਸੀ ਤੂੰ
ਕਰਜ਼ਾ ਮੁਸੀਬਤਾਂ ਦਾ
ਉਹ ਉਤਾਰ ਹੈ ਰਿਹਾ

-0-

ਬੂਹਾ ਖੋਲ੍ਹਦਾ ਹੈ ਤਾਂ ਵੇਖਦਾ ਹੈ
ਮੱਕੀ ਦੀ ਰੋਟੀ ਸਾਗ ਤੇ ਮੱਖਣ ਲਈ
ਮੋਰ ਮੁਕਟ ਵਾਲਾ
ਉਸਦੇ ਦਰ ਤੇ ਖੜਾ ਹੈ
ਮੱਟਕਾ ਲੱਸੀ ਦਾ
ਜਿਸ ਸਿਰ ਤੇ ਧਰਿਆ ਹੈ

-----

# ਹਰਿਆਵਲਾ ਜੰਗਲ

ਉਹ ਅੱਗ ਦਾ ਸਫ਼ਰ
ਪੈਰ ਪੈਰ ਤੇ ਕਰਦਾ ਰਿਹਾ
ਰੁੱਖ ਹੋ ਕੇ ਥਲਾਂ 'ਚ ਸੜਦਾ ਰਿਹਾ

–0–

ਝੜ ਗਿਆ ਪੱਤ ਪੱਤਾ
ਉਸਦਾ ਸੇਕ 'ਚ
ਛਾਲਾ ਛਾਲਾ ਹੋਇਆ ਜਿਸਮ ਉਸਦਾ
ਸੜਦੀ ਰੇਤ 'ਚ
ਫਿਰ ਵੀ ਉਹ
ਤਪਦੇ ਸੂਰਜ ਦੀ ਦੁਆ ਮੰਗਦਾ ਰਿਹਾ
ਸਿਰ ਤੇ ਸੂਰਜ ਪੈਰਾਂ 'ਚ ਸੂਰਜ
ਸੂਰਜ ਦੁਆਲੇ ਓੜਕੇ
ਸੂਰਜ ਹੀ ਸੂਰਜ ਸਿਮਰਦਾ
ਸੂਰਜ ਹੀ ਸੂਰਜ ਜਪਦਾ ਰਿਹਾ

–0–

ਭੁੱਜ ਕੇ ਕੋਲੇ ਹੋ ਗਿਆ
ਆਪਣੇ ਦੁਆਲੇ 'ਚ ਉਹ
ਦਿੰਦਾ ਅਸੀਸਾਂ ਹੀ ਰਿਹਾ
ਸੇਕ ਤੇ ਉਬਾਲੇ ਨੂੰ ਉਹ
ਧੁੱਪਾਂ ਨੂੰ ਸੂਰਜ ਨੂੰ ਸੇਕ ਨੂੰ
ਉਹ ਜਾਗ ਸੱਚ ਦੀ ਲਾ ਗਿਆ
ਅੱਗਣ ਦੇ ਇਨ੍ਹਾਂ ਗੋਲਿਆਂ ਨੂੰ
ਸੱਚ ਤੇਜ਼ ਦਾ ਸਮਝਾ ਗਿਆ
ਬਲ ਕੇ ਰਾਖ਼ ਹੋ ਗਿਆ
ਪਰ ਰਾਖ਼ ਚੋਂ

ਜੰਗਲ ਹਰਿਆਵਲ ਦਾ ਉੱਗਾ ਗਿਆ

-0-

ਤੱਕਿਆ ਅੱਗਾਂ ਸੂਰਜਾਂ
ਧੁੱਪਾਂ ਸੇਕ ਨੇ
ਕਿਉਂ ਉਨ੍ਹਾਂ ਦਾ ਭਾਰ
ਉਹਨਾਂ ਦੀ ਥਾਂ ਉਹ ਸੀ ਉੱਠਾ ਰਿਹਾ
ਅੱਗਾਂ ਹੰਢਾਉਂਦਾ ਸੀ ਜੋ ਪੈਰ ਪੈਰ ਤੇ
ਬੀਜ ਛਾਵਾਂ ਦੇ ਸੀ
ਥਾਂ ਥਾਂ ਬੋਅ ਰਿਹਾ

-0-

ਅੱਗ ਦੀ ਅੱਗ ਸੂਰਜ ਦਾ ਸੂਰਜ
ਸੇਕ ਦਾ ਸੇਕ ਧੁੱਪ ਦੀ ਧੁੱਪ ਹੋਣ ਪਿਛੋਂ
ਉਹ ਬਣਕੇ ਜੰਗਲ ਹਰਿਆਵਲਾ
ਸਭ ਦੇ ਸਾਵੇਂ ਖਲੋ ਗਿਆ
ਤੱਕਿਆ ਜਦ
ਅੱਗ ਸੂਰਜ ਧੁੱਪ ਤੇ ਸੇਕ ਨੇ
ਆਪਣਾ ਆਪਣਾ ਚਿਹਰਾ
ਉਸਦੇ ਦਰਪਣ ਚੋਂ
ਵਜ਼ੂਦ ਉਨ੍ਹਾਂ ਦੇ ਛਾਵਾਂ ਦਾ
ਪਿੰਡਾ ਹੋ ਗਏ
ਤਪਦੇ ਅੰਗਾਂ ਦੇ ਗੋਲਿਆਂ ਦੇ ਸੇਕ
ਜੰਗਲ ਹੋ ਗਏ

-0-

ਉਹ ਅੱਗ ਦਾ ਸਫ਼ਰ
ਪੈਰ ਪੈਰ ਤੇ ਕਰਦਾ ਰਿਹਾ
ਰੁੱਖ ਹੋ ਕੇ ਥਲਾਂ 'ਚ ਸੜਦਾ ਰਿਹਾ

-----

## ਚਾਂਦਨੀ ਦਾ ਜਨਮ

ਉਹ ਤੱਤੀ ਤਵੀ ਤੇ ਬੈਠਾ
ਉਬਲਦੀ ਦੇਗ 'ਚ ਰਿੱਝਿਆ
ਉਹ ਅੱਗ ਦੀ ਅੱਖ 'ਚ
ਅੱਥਰੂ ਬਣ ਵਿਚਰਿਆ

-0-

ਉਹ ਅੰਦਰਲੀ ਅੱਗ
ਬੁਝਾਉਣ ਦੀ ਖ਼ਾਤਰ
ਅੱਗ ਹੰਢਾਉਂਦਾ ਰਿਹਾ
ਅੱਗ ਪੀਂਦਾ ਰਿਹਾ
ਅੱਗ ਖਾਂਦਾ ਰਿਹਾ
ਅੱਗ ਪੂਜਦਾ ਧਿਆਉਂਦਾ ਰਿਹਾ
ਅੱਗ ਦੀਆਂ ਰਹਿਮਤਾਂ
ਨਿਹਮਤਾਂ ਦੇ ਗੀਤ
ਉਹ ਗਾਉਂਦਾ ਰਿਹਾ

-0-

ਅੰਦਰਲੀ ਅੱਗ ਲਈ
ਅੱਗ ਪਹਿਣਦਾ ਬੀਜਦਾ
ਉੱਗਾਉਂਦਾ ਰਿਹਾ
ਅੱਗ ਦਾ ਦਮ ਭਰਦਾ ਰਿਹਾ
ਅੱਗ ਸੰਗ ਜਿਉਂਦਾ ਰਿਹਾ
ਅੱਗ ਸੰਗ ਮਰਦਾ ਰਿਹਾ
ਭਾਣਾ ਆਪਣੇ ਸਹਿਬ ਦਾ
ਮੰਨਦਾ ਰਿਹਾ

-0-

ਅੱਗ ਸਾਰੇ ਸੰਸਾਰ ਦੀ
ਉਸ ਆਪਣੇ ਢਿੱਡ ਵਿਚ ਪਾ ਲਈ
ਅੱਗ ਦਾ ਸੱਚ
ਰਾਖ਼ ਪਿਛੇ ਰਹਿ ਗਈ
ਅੱਗਣ ਉਸਦੇ ਦਿਲ 'ਚ
ਸਾਰੀ ਦੀ ਸਾਰੀ ਸਮਾ ਗਈ

–0–

ਪਿੱਛੇ ਰਹਿ ਗਈ
ਅੱਗਣ ਰਾਖ਼ ਦੇ ਸੱਚ ਨੇ
ਰੂਪ ਠੰਡਕ ਦਾ ਧਾਰਿਆ
ਚਾਂਦਨੀ ਜਨਮੀ
ਅੱਗਣ ਰਾਖ਼ ਦੇ ਸੱਚ ਚੋਂ
ਚੰਨ ਨੇ ਆਪਾ ਉਸਾਰਿਆ

–0–

ਚਾਂਦਨੀ ਨੇ ਸਗਰ ਦਾ
ਚੰਨ ਨੇ ਨੂਰ ਦਾ ਰੂਪ ਧਾਰਿਆ
ਸਾਗਰ ਚੋਂ ਉੱਠੇ ਚਾਂਦਨੀ ਦੇ ਬੱਦਲਾਂ
ਤਪਦੇ ਸਹਿਰਾ ਨੂੰ ਠਾਰਿਆ
ਸੀਤ ਹੋਏ ਸਹਿਰਾ 'ਚ
ਚੰਨ ਨੇ
ਆਪਣਾ ਨੂਰ ਖਿਲਾਰਿਆ
ਨੂਰ ਤੇ ਠੰਡਕ ਦੀਆਂ ਕਣੀਆਂ
ਔੜਾਂ ਦੀ ਮਾਰੀ
ਧਰਤ ਤੇ ਵਰ੍ਹੀਆਂ

ਸੀਤ ਹੋਈ
ਧਰਤ ਦੇ ਦਿਲ ਨੇ ਪੁਕਾਰਿਆ
ਇਹ ਕੌਣ ਸੀ
ਸੜਦੀ ਧਰਤ ਦੇ ਸੀਨੇ ਨੂੰ ਹੈ
ਜਿਸਨੇ ਠਾਰਿਆ

-0-

ਰਾਖ਼ ਬੋਲੀ
ਸੀਤ ਹੋਈ ਅੱਗਣ ਹਾਂ ਮੈਂ
ਸੱਚ ਪਿੱਛੇ ਦੌੜਦੀ ਸੱਚ ਹੋਈ
ਸੱਚ ਦੀ ਲਗਣ ਹਾਂ ਮੈਂ
ਤੇਰਾ ਪੁੱਤ ਪਲੇਠਾ
ਜਾਗ ਸੱਚ ਦੀ ਸੀ
ਮੈਨੂੰ ਲਾ ਗਿਆ
ਤੇਰੇ ਚੋਂ ਸੀ ਜਨਮਿਆਂ
ਤੇਰੇ 'ਚ ਉਹ ਸਮਾ ਗਿਆ

------

# ਨਿਰਜਲਤਾ

ਧਰਤ ਮਨੁੱਖ ਤੇ ਪ੍ਰਕਿਰਤੀ ਚੋਂ
ਨਿਰਜਲਤਾ ਦਾ ਅਹਿਸਾਸ ਪ੍ਰਗਟਿਆ
ਜੰਗਲ ਦਰਿਆ ਛੱਪੜ ਝੀਲਾਂ
ਸਿਰ ਤੋਂ ਪੈਰਾਂ ਤੱਕ ਤਿੜਕੇ
ਖੇਤਾਂ ਵਿਚ ਫ਼ਸਲਾਂ ਦੇ
ਸਾਗਰ ਵਿਚ ਬੂੰਦਾਂ ਦੇ ਸਿਵੇ ਬਲੇ

-0-

ਜੀਵਨ ਵੀ
ਨਿਰਜਲਤਾ ਦੀ ਬੁੱਕਲੇ ਆਇਆ
ਤਪਦੇ ਸੂਰਜ ਸੇਕ ਦੀ,
ਹਰ ਦਿਲ ਦੀ ਧੜਕਣ
ਲਹੂ ਵਿਹੂਣੀ ਹੋਈ
ਨਕਸ਼ ਝੁਲਸ ਗਏ
ਅੰਗ ਪਿਘਲ ਗਏ
ਹੱਡੀਆਂ ਦੀ ਮੁੱਠ ਜ਼ਿੰਦਗੀ ਹੋਈ
ਸੁੱਕੇ ਸਾਗਰ ਮੋਈਆਂ ਮੱਛੀਆਂ
ਰੌਣਕਾਂ ਦੇਹ ਉਜਾੜਾਂ ਵਸੀਆਂ

-0-

ਰੁੱਖਾਂ ਤੇ ਮਨੁੱਖਾਂ ਦੀਆਂ ਲਾਸ਼ਾਂ ਦੇ
ਪਿੰਜਰ ਖਿਲਰੇ ਆਸੇ ਪਾਸੇ
ਅੱਧ ਮੋਇਆ ਮਾਲ ਡੰਗਰ
ਰਾਖ ਚੋਂ ਹਰਿਆ ਭਾਲੇ
ਘਰ ਵਿਹੜੇ ਬੂਹੇ ਬਾਰੀਆਂ

ਸੀਤ ਹਵਾ ਦਾ ਬੁੱਲਾ ਕੋਈ
ਉੱਡੀਕਣ
ਤਪਸ਼ 'ਚ ਉਬਲੇ ਨੈਣ ਵਸਣ ਦੇ
ਕੰਧਾਂ ਤੇ ਰੁੱਖ ਉਲੀਕਣ

-0-

ਜਲਹੀਣ ਹੋਏ ਖੂਹ ਤੇ ਖੂਹੀਆਂ
ਪਿਆਸ ਪਿਆਸ ਪੁਕਾਰਨ
ਪਸ਼ੂ ਪਖ਼ਸ਼ੀ ਕੋਇਲ ਘੁੱਗੀਆਂ
ਤੂੰ ਹੀ ਤੂੰ ਉਚਾਰਨ

-0-

ਕੋਲੇ ਹੋਇਆ ਮੋਰ ਦਾ ਪਿੰਜਰ
ਪਿੰਜਰ ਹੋਏ ਜੰਗਲ ਦੇ ਵਿਚ.
ਨੱਚ ਰਿਹਾ ਹੈ
ਦੂਰ ਦੁਰੇਡੇ ਬੱਦਲ ਗਰਜਦਾ
ਦਸ ਰਿਹਾ ਹੈ
ਸਾਰਾ ਜਲ ਸ੍ਰਿਸ਼ਟੀ ਦਾ
ਭਾਫ਼ ਹੋਇਆ ਹੈ
ਵਰਸੇਗਾ ਹੁਣ ਮੀਂਹ
ਮੀਂਹ ਦਾ ਆਸਾਰ ਹੋਇਆ ਹੈ
ਨਿਰਜਲ ਹੀ ਜਲ ਨੂੰ ਜਨਮੇਂਗਾ
ਨਿਰਜਲ ਵਿਚ ਹੈ ਜਲ ਦਾ ਵੰਸ
ਨਿਰਜਲ ਹੀ ਹੈ ਜਲ ਦੀ ਪਿਆਸ

-0-

ਨਿਰਜਲ ਦੇ ਆਗ਼ਾਜ਼ ਦਾ
ਨੇੜੇ ਹਸ਼ਰ ਹੋਇਆ
ਮੋਹਲੇਧਾਰ ਅੱਥਰੂਆਂ ਵਿਚ

ਅੰਬਰ ਰੋਇਆ
ਧਰਤੀ ਦਾ ਪਿੰਡਾ
ਜਲਥਲ ਹੋਇਆ
ਸੁੱਕੇ ਜੰਗਲ ਹਰਿਆਵਲ ਹੋਏ
ਕੁਦਰਤ ਮਾਨਵਤਾ ਸਬਜ਼ਾ ਹੋਏ

-0-

ਘਰਾਂ ਘਰਾਂ ਦਾ ਰੂਪ ਵਟਾਇਆ
ਰੌਣਕਾਂ ਮੌਸਮ ਰੁੱਤ ਬਹਾਰਾਂ
ਧਰਤੀ ਤੇ ਆਈਆਂ
ਹਰੇ ਘਾਹ ਦੀ
ਧਰਤ ਤੇ ਚਾਦਰ ਵਿੱਛੀ
ਘੁੱਗੀਆਂ ਕੋਇਲਾਂ ਮਾਲ ਡੰਗਰ ਨੇ
ਹਰੀ ਭਰੀ ਪ੍ਰਕਿਰਤੀ ਡਿੱਠੀ

-0-

ਇਹ ਸਭ ਨਿਰਜਲ ਦੀ ਬਰਕਤ ਸੀ
ਇਹ ਸਭ ਨਿਰਜਲ ਦੀ ਕੁਦਰਤ ਸੀ
ਜਿਸਨੇ ਜਲ ਨੂੰ ਭਾਫ਼ ਬਣਾਇਆ
ਤੇ ਧਰਤੀ ਤੇ ਮੀਂਹ ਵਰਸਾਇਆ
ਸੋਕਾ
ਜਿਸਨੂੰ ਮਾਨਵਤਾ ਭੁੱਲੀ ਸੀ
ਸੋਕੇ ਆਪਣਾ ਸੱਚ ਵਿਖਾਇਆ
ਜਲ ਚੋਂ ਸੋਕਾ
ਸੋਕੇ ਚੋਂ ਜਲ ਨਜ਼ਰੀਂ ਆਇਆ
ਸੋਕੇ ਦਾ ਸੱਚ ਜਲ ਸਮਾਇਆ
ਜਲ ਦਾ ਸੱਚ ਸੋਕੇ ਨੇ ਪਾਇਆ

-----

## ਗਤੀ ਤੇ ਪੱਥਰ

ਉਹ ਜ਼ਿੰਦਗੀ 'ਚ
ਏਨਾ ਤੇਜ਼ ਦੌੜਿਆ
ਕਿ ਪੱਥਰ ਹੋ ਗਿਆ
ਜਿੱਥੇ ਕੋਈ ਭਟਕਣ ਨਹੀਂ
ਤ੍ਰਿਸ਼ਨਾ ਨਹੀਂ ਤਲਾਸ਼ ਨਹੀਂ
ਹੈ ਤਾਂ ਆਪਣਾ ਆਪ ਹੈ
ਸਰਾਪ ਹੀ ਵਰ ਹੈ
ਵਰ ਹੀ ਸਰਾਪ ਹੈ

-0-

ਆਪ ਹੀ ਚਿਹਰਾ
ਦਰਪਣ ਨਜ਼ਰ ਵੀ ਆਪ ਹੈ
ਅੰਗ ਨੈਣ ਨਕਸ਼ ਵੀ ਆਪ ਹੈ
ਸਭ ਕੁੱਝ ਆਪਣੇ ਪਾਸ ਹੈ
ਨਾ ਮੁਥਾਜੀ ਹੈ ਨਾ ਆਸ ਹੈ

-0-

ਨਾ ਆਪਣੇ ਤੋਂ
ਦੂਰ ਹੋਣ ਦੀ ਸਮਰੱਥਾ ਹੈ
ਨਾ ਆਪਣੇ ਆਪ ਨੂੰ
ਕੰਡ ਦੇਣ ਦਾ ਰਾਹ ਹੈ
ਇੱਥੇ ਆ ਕੇ
ਸਭ ਦਿਸ਼ਾਵਾਂ ਮੁੱਕਦੀਆਂ ਹਨ
ਲਹੂ ਦੇ ਆਗ਼ਾਜ਼ ਤੋਂ
ਸੱਚ ਦੇ ਹਸ਼ਰ ਨੂੰ ਢੁਕਦੀਆਂ ਹਨ

-0-

ਜ਼ਿੰਦਗੀ ਨੇ

ਆਪਣੈ ਪੈਰ ਉਤਾਰ ਦਿੱਤੇ ਹਨ
ਮਨ ਆਪਣੇ ਆਪ 'ਚ ਹੀ
ਸੁੰਗੜ ਗਿਆ ਹੈ
ਅਗਤੀ ਦੇ ਇਸ਼ ਪੜਾਅ ਤੇ
ਗਤੀ ਚੋਂ ਗਤੀ ਦਾ ਭੂਤ
ਨੁੱਚਣ ਗਿਆ ਹੈ
ਗਤੀ ਰਹਿਤ ਅਹਿਸਾਸ ਹੈ ਇੱਥੇ
ਕਬਰਾਂ ਵਰਗੀ ਚੁੱਪ ਹੈ
ਆਪਣੇ ਤੋਂ ਆਪਣੇ
ਤਕ ਦੀ ਬਾਤ ਹੈ ਇੱਥੇ

-0-

ਆਖ਼ਿਰ
ਹਰ ਸਫ਼ਰ ਨੇ ਮੁੱਕਣਾ ਹੈ
ਹਰ ਤੁਰਦੇ ਕਦਮ ਨੇ ਰੁਕਣਾ ਹੈ
ਆਗ਼ਾਜ਼ ਨੇ ਹਸ਼ਰ ਨੂੰ ਢੁਕਣਾ ਹੈ
ਜ਼ਿੰਦਗੀ ਸਦਾ ਚਲਦੀ ਨਹੀਂ ਰਹਿਣੀ
ਜ਼ਿੰਦਗੀ ਦੇ ਆਦਿ ਨੇ
ਅੰਤ 'ਚ ਬਦਲਣਾ ਹੈ

-0-

ਇਸ ਅਗਤੀ ਦੀ ਬੁੱਕਲ 'ਚ
ਸੋਚ ਚੇਤਨਾ ਜਗਿਆਸਾ
ਨਾ ਅਹਿਸਾਸ ਹੈ
ਨਾ ਭੁੱਖ ਹੈ ਨਾ ਪਿਆਸ ਹੈ
ਬਸ ਸਕੂਨ ਹੀ ਸਕੂਨ ਹੈ
ਧਰਵਾਸ ਹੀ ਧਰਵਾਸ ਹੈ
ਆਲ੍ਹਣੇ ਦਾ ਨਾ ਬੋਟ ਦਾ ਮੋਹ
ਨਾ ਚੋਗ ਦੀ ਚਿੰਤਾ

ਨਾ ਧੁੱਪਾਂ ਨਾ ਛਾਵਾਂ
ਨਾ ਮੀਂਹ ਕਣੀ ਦਾ ਡਰ ਹੈ
ਅਗਤੀ ਦਾ ਸੁੱਖ ਹੈ
ਹਰ ਚੀਜ਼ ਆਪਣੇ ਘਰ ਹੈ

-0-

ਅੱਖਾਂ ਨੂੰ ਨਾ ਵੇਖਣ ਦਾ
ਨਾ ਕੰਨਾਂ ਨੂੰ ਸੁਣਨ ਦਾ ਖ਼ਿਆਲ
ਹੱਥਾਂ ਨੂੰ ਕੁੱਝ ਕਰਨ ਦਾ
ਨਾ ਪੈਰਾਂ ਨੂੰ ਤੁਰਨ ਦਾ ਚਾਅ
ਨਾ ਕੁੱਝ ਉਧੇੜਣਾ ਨਾ ਬੁਣਨਾ
ਨਾ ਛਾਣਨਾ ਨਾ ਪੁਣਨਾ
ਜਦ ਹਰਕਤ ਹੀ ਨਹੀਂ
ਤਾਂ ਦੁੱਖ ਕੀ
ਤਕਲੀਫ਼ ਕੀ ਸੇਕ ਕੀ ਸਲੀਬ ਕੀ
ਮੁਰਦਿਆਂ ਨੂੰ ਕੀ ਅਹਿਸਾਸ
ਮੁਰਦਿਆਂ ਬਿਨ
ਮੁਰਦਿਆਂ ਦੇ ਕੀ ਹੈ ਪਾਸ

-0-

ਉਹ ਜ਼ਿੰਦਗੀ 'ਚ
ਏਨਾ ਤੇਜ ਦੌੜਿਆ
ਕਿ ਪੱਥਰ ਹੋ ਗਿਆ
ਜਿੱਥੇ ਕੋਈ ਭਟਕਣ ਨਹੀਂ
ਤ੍ਰਿਸ਼ਨਾ ਨਹੀਂ ਤਲਾਸ਼ ਨਹੀਂ
ਹੈ ਤਾਂ ਬਸ ਆਪਣਾ ਆਪ ਹੈ
ਸਰਾਪ ਹੀ ਵਰ ਹੈ
ਵਰ ਹੀ ਸਰਾਪ ਹੈ

------

## ਸਿਰ ਤੇ ਤ੍ਰਿਸ਼ਨਾ

ਪ੍ਰਛਾਵੇਂ ਜਮ੍ਹਾਂ ਕਰਨ
ਤੇ ਫੜਨ ਦੀ ਤ੍ਰਿਸ਼ਨਾ
ਉਸਨੂੰ
ਸ਼ਹਿਰ ਤੋਂ ਜੰਗਲ ਵੱਲ ਲੈ ਤੁਰੀ
ਉਸਦੇ ਅੰਦਰ
ਕਈ ਲੂੰਬੜ ਬਘਿਆੜ ਸ਼ੇਰ ਚੀਤੇ
ਤੇ ਜੰਗਲੀ ਜਾਨਵਰ ਜਨਮੇਂ
ਜਿਉਂ ਜਿਉਂ
ਉਹ ਤ੍ਰਿਸ਼ਨਾ ਦੇ ਸਿੰਗੀਂ
ਚੜ੍ਹਦਾ ਗਿਆ
ਉਸ ਚੋਂ ਜਾਨਵਰ ਜਨਮਦਾ ਗਿਆ
ਆਦਮੀ ਮਰਦਾ ਗਿਆ

–0–

ਉਹ ਕਦੀ
ਆਪਣੇ ਆਪ ਤੇ ਗਰਜਦਾ
ਕਦੀ ਹਿਰਨਾਂ ਖ਼ਰਗੋਸ਼ਾਂ
ਘੁੱਗੀਆਂ ਮੋਰਾਂ ਦਾ ਸ਼ਿਕਾਰ ਕਰਦਾ
ਕਦੀ ਲੂੰਬੜ ਬਘਿਆੜ
ਬਾਂਦਰ ਬਣ
ਆਪਣੇ ਦੁਆਲੇ ਵਿਚਰਦੇ
ਚਿਹਰਿਆਂ
ਘਰਾਂ ਦੀਆਂ ਕੰਧਾਂ ਕੌਲਿਆਂ
ਨੂੰ ਠੱਗਦਾ

ਕਦੀ
ਆਪਣਾ ਪਿੱਛਾ ਆਪ ਕਰਦਾ
ਕਦੀ ਆਪ ਹੀ ਆਪਣਾ ਮਿੱਤਰ
ਕਦੀ ਆਪ ਹੀ
ਆਪਣਾ ਦੁਸ਼ਮਣ ਹੋ ਗੁਜ਼ਰਦਾ

-0-

ਸਾਏ ਫੜਨ ਤੇ ਜਮ੍ਹਾਂ ਕਰਨ
ਦੀ ਲਾਲਸਾ ਨੇ
ਉਸ ਚੋਂ ਆਦਮੀ ਨਿਚੋੜ ਕੇ
ਉਸਨੂੰ ਜਾਨਵਰ ਬਣਾ ਦਿੱਤਾ
ਤੇ ਪੂਰੇ ਦਾ ਪੂਰਾ ਜੰਗਲ
ਉਸਦੇ ਚਿਹਰੇ ਤੇ ਉੱਗਾ ਦਿੱਤਾ

-0-

ਉਹ ਹੰਕਾਰ ਦਾ ਮਾਰਿਆ
ਕਈ ਨਾਟਕ
ਕਈ ਅਭਿਨੈ ਕਰਦਾ
ਕਦੀ ਵਕਤ ਦਾ ਬਾਦਸ਼ਾਹ
ਬਣ ਬਹਿੰਦਾ
ਕਦੀ ਰਾਵਣ ਕਦੀ ਰਾਮ
ਕਦੀ ਸ਼ੈਤਾਨ ਕਦੀ ਭਗਵਾਨ

-0-

ਮਨੁੱਖਤਾ ਦਾ ਕਤਲ
ਮਜ਼ਲੂਮਾਂ ਨੂੰ ਸੂਲੀ
ਗਰੀਬਾਂ ਦੀ ਲੁੱਟ ਖਸੁੱਟ
ਆਪਣੇ ਖ਼ਜ਼ਾਨੇ ਦੀ ਭਰਪੂਰੀ
ਉਸ ਆਪਣਾ ਸ਼ੌਕ

ਆਪਣਾ ਧਰਮ ਬਣਾ ਲਿਆ
ਪੈਰ ਪੈਰ ਤੇ
ਉਸ ਕਬਰਾਂ ਬੀਜੀਆਂ
ਸ਼ਮਸ਼ਾਨ ਉੱਗਾ ਦਿੱਤੇ

-0-

ਉਸਦੀ ਤ੍ਰਿਸ਼ਨਾ
ਉਸਦੇ ਸਿਰ ਚੜ੍ਹ ਬੋਲਦੀ
ਦੌਲਤ ਦੇ ਲਾਲਚ 'ਚ
ਉਸ ਲਹੂ ਦੇ ਰਿਸ਼ਤਿਆਂ ਦੇ
ਖ਼ੂਨ ਕਰ ਦਿੱਤੇ
ਸਿਰ ਕੱਟ ਕੇ
ਧੜ ਚੌਂਕਾਂ 'ਚ ਸਿਰ ਚੌਰਾਹਿਆਂ
'ਚ ਟੰਗ ਦਿੱਤੇ
ਪੁੰਗਰਣ ਤੋਂ ਪਹਿਲਾਂ
ਕਲੀਆਂ ਫੁੱਲਾਂ ਤੇ ਦਗਦੇ
ਅੰਗਿਆਰ ਧਰ ਦਿੱਤੇ
ਮੌਸਮ ਬਹਾਰਾਂ ਰੁੱਤਾਂ ਰੰਗਾਂ
ਖ਼ੁਸ਼ਬੂਆਂ
ਲਭ ਲਹੂ ਲੁਹਾਨ ਕਰ ਦਿੱਤੇ

-0-

ਸਾਏ ਫੜਣ
ਤੇ ਜਮ੍ਹਾਂ ਕਰਨ ਦੀ ਇੱਛਾ ਦਾ
ਅੰਤ ਜਦ ਆਇਆ
ਉਸਦੇ ਅੰਗਾਂ ਨਕਸ਼ਾਂ ਨੇ
ਉਸਦਾ ਸਾਥ ਛੱਡ ਦਿੱਤਾ
ਤੇ ਲੋਥੜਾ ਲਹੂ ਮਾਸ ਦੀ ਦੇਹ ਦਾ

ਪੱਥਰ ਵਾਂਗ ਪੈਰਾਂ 'ਚ ਰੁਲਣ ਲਈ
ਚੌਂਕਾਂ ਚੌਰਾਹਿਆਂ ਗਲੀਆਂ
ਤੇ ਸੜਕਾਂ ਤੇ ਧਰ ਦਿੱਤਾ

-0-

ਉਹ ਆਪਣੀ ਪਹਿਚਾਣ ਦੀਆਂ
ਨਜ਼ਰਾਂ ਚੋਂ ਗਿਰ ਗਿਆ
ਆਪਣੇ ਹੱਥਾਂ ਦੀਆਂ ਉਂਗਲਾਂ ਚੋਂ
ਕਿਰ ਗਿਆ
ਉਹ ਆਪਣੇ ਸਿਰ 'ਚ ਜਿਉਂਦੇ
ਸਿਰਾਂ ਦੇ ਜੰਗਲ 'ਚ ਘਿਰ ਗਿਆ
ਜਿੱਥੇ ਉਸ ਦਾ ਧੜ
ਜੀਅ ਰਿਹਾ ਸੀ
ਮੰਗ ਮੰਗ ਕੇ ਮੌਤ ਦਾ
ਜ਼ਹਿਰ ਪੀ ਰਿਹਾ ਸੀ

-0-

ਉਸਦੇ ਸਿਰਾਂ ਦੇ
ਇਕ ਸਿਰ ਚੋਂ ਤ੍ਰਿਸ਼ਨਾ ਬੋਲੀ
ਤੂੰ ਮੈਨੂੰ
ਸਿਮਰਿਆ ਪੂਜਿਆ
ਧਿਆਇਆ ਹੈ
ਮੈ ਤੈਨੂੰ
ਆਪਣਾ ਵਿਰਾਟ ਰੂਪ ਵਿਖਾਇਆ ਹੈ
ਆਦਮੀ ਤੋਂ ਜਾਨਵਰ
ਜਾਨਵਰ ਤੋਂ ਮੌਤ ਦਾ ਭਿਖ਼ਾਰੀ
ਬਣਾਇਆ ਹੈ

-----

## ਭਟਕਣ ਤੇ ਤਲਾਸ਼

ਭਟਕਣ
ਉਸਦੇ ਸੰਗ ਜਨਮੀਂ
ਸੰਗ ਤੁਰੀ ਸੰਗ ਜਵਾਨ ਹੋਈ
ਅੱਜ
ਉਸਦੇ ਹਾਣ ਦੀ ਹੈ
ਉਹ ਵੀ ਭਟਕਣ ਨੂੰ
ਪਹਿਚਾਣਦਾ ਹੈ
ਭਕਟਣ ਵੀ
ਉਸਨੂੰ ਪਹਿਚਾਣਦੀ ਹੈ

-0-

ਉਹ
ਜੰਗਲ 'ਚ ਭਟਕਿਆ
ਰੁੱਖਾਂ ਦੀ ਤਲਾਸ਼ 'ਚ
ਸਹਿਰਾ 'ਚ ਭਟਕਿਆ
ਸਾਗਰ ਦਾ ਸੱਚ ਜਾਣਨ ਲਈ
ਉਹ ਦੇਹ ਦੀਆਂ ਦਿਸ਼ਾਵਾਂ 'ਚ
ਭਟਕਿਆ
ਆਪਣਾ ਆਪ ਪਹਿਚਾਣਨ ਲਈ

-0-

ਉਹ ਆਪਣੇ ਚਿਹਰੇ ਦੀ ਤਲਾਸ਼ 'ਚ
ਮਾਨਵਤਾ ਦੇ ਸਾਗਰ 'ਚ ਉਤਰਿਆ
ਉਸ ਵੇਖਿਆ
ਹਰ ਇਕ ਦੀ ਗਰਦਨ ਤੇ
ਸੈਂਕੜੇ ਚਿਹਰੇ ਹਨ

ਹਰ ਚਿਹਰਾ
ਆਪਣੀ ਗਰਦਨ ਦੀ
ਤਲਾਸ਼ 'ਚ ਹੈ

-0-

ਉਸਨੇ
ਆਪਣੀ ਭਟਕਣਾ ਨੂੰ
ਤਕਸੀਮਿਆਂ ਪਾਇਆ
ਪਹਿਲਾਂ
ਉਹ ਆਪਣੀ ਪਹਿਚਾਣ ਲਈ
ਦੇਹ ਦੀਆਂ ਦਿਸ਼ਾਵਾਂ 'ਚ
ਭਟਕਦਾ ਸੀ
ਹੁਣ ਉਹ
ਗਰਦਨਾਂ ਦੀ ਦੁਨੀਆਂ
ਤੇ ਚਿਹਰਿਆਂ ਦੇ ਜੰਗਲ 'ਚ
ਭਟਕਦਾ ਹੈ

-0-

ਉਸਨੂੰ ਲੱਗਿਆ
ਪਹਿਲਾਂ ਉਹ ਆਪਣੀ
ਮੈਂ ਦੀ ਭਟਕਣ 'ਚ ਗੁਆਚਾ ਸੀ
ਹੁਣ ਉਹ
ਤੂੰ ਦੀ ਭਟਕਣ 'ਚ ਗੁਆਚਾ ਹੈ

-0-

ਤੂੰ 'ਚ ਭਟਕਦਾ
ਉਹ ਆਪਣੀ ਮੈਂ ਵਿਸਰ ਗਿਆ
ਭਟਕਣ ਤੋਂ ਅਭਟਕਣ ਹੋ ਗਿਆ
ਮੈਂ ਤੋਂ ਤੂੰ 'ਚ ਖੋ ਗਿਆ

ਨਾ ਤੂੰ ਦਾ ਰਿਹਾ
ਨਾ ਮੈਂ ਦਾ ਰਿਹਾ
ਆਪਣੇ ਆਪੇ ਦਾ ਹੋ ਗਿਆ

-0-

ਹੁਣ ਉਸ ਵਿਚ
ਨਾ ਮੈਂ ਰਹੀ ਨਾ ਤੂੰ ਰਹੀ
ਨਾ ਮੈਂ ਦਾ ਵਿਸਾਰ
ਨਾ ਤੂੰ ਦੀ ਭਾਲ
ਉਹ ਮੈਂ ਤੂੰ ਦੇ ਭਰਮ ਤੋਂ
ਨਿਰਲੇਪ ਹੋ ਗਿਆ
ਭਟਕਣ ਦੀ ਕੁੱਖ
ਅਭਟਕਣ ਦੇ ਦਰ ਖਲੋ ਗਿਆ

-0-

ਜਦ ਸਰਦਲ ਟੱਪ
ਅਭਟਕਣ 'ਚ ਪ੍ਰਵੇਸ਼ਿਆ
ਉਸ ਵੇਖਿਆ
ਹਰ ਗਰਦਨ ਦਾ
ਉਹ ਚਿਹਰਾ ਸੀ
ਹਰ ਚਿਹਰੇ ਦੀ
ਉਹ ਗਰਦਨ ਸੀ
ਹਰ ਚਿਹਰੇ ਤੇ ਗਰਦਨ ਦੀ
ਉਹ ਕੁੱਖ ਸੀ
ਉਹ ਆਪੇ ਬੀਜ
ਉਹ ਆਪੇ ਰੁੱਖ ਸੀ

------

## ਪੱਥਰ ਤੇ ਦ੍ਰਿਸ਼ਟੀ

ਉਸਨੇ ਪੱਥਰ ਨੂੰ
ਪੱਥਰ ਦੀ ਦ੍ਰਿਸ਼ਟੀ ਨਾਲ ਵੇਖਿਆ
ਤੇ ਨਜ਼ਰ ਬਚਾ ਕੇ ਲੰਘ ਗਿਆ
ਉਸਨੇ ਪੱਥਰ ਨੂੰ
ਮਨੁੱਖ ਦੀ ਦ੍ਰਿਸ਼ਟੀ ਨਾਲ ਵੇਖਿਆ
ਤੇ ਪੱਥਰ ਨੇ
ਉਸਨੂੰ ਬੁਲਾ ਲਿਆ
ਆਪਣੇ ਕੋਲ ਬਿਠਾ ਲਿਆ
ਤੇ ਫਿਰ
ਆਪਣੇ ਅੰਦਰ ਲੈ ਗਿਆ

-0-

ਪੱਥਰ ਦਾ ਅੰਦਰ ਵੇਖਿਆ
ਤਾਂ ਹੈਰਾਨ ਹੋ ਗਿਆ
ਸੋਚਾਂ 'ਚ ਪੈ ਗਿਆ
ਕਿ ਸ੍ਰਿਸ਼ਟੀ ਬ੍ਰਹਿਮੰਡਤਾ
ਦੀ ਗਤੀ
ਕੁਦਰਤ ਦਾ ਸਿਲਸਿਲਾ
ਤੇ ਕਾਰੋਬਾਰ
ਸਾਗਰਾਂ ਪਹਾੜਾਂ ਜੰਗਲਾਂ ਦਾ
ਆਰੰਭ
ਸਭ ਪੱਥਰ ਚੋਂ ਹੋਇਆ ਹੈ

-0-

ਪੱਥਰ ਜੋ ਚੁੱਪ ਹੈ
ਸੁਨ ਹੈ ਸ਼ੁਨਯ ਹੈ
ਅਫ਼ਰ ਹੈ ਨਿਰਜਲ ਹੈ ਅੰਤ ਰਹਿਤ ਹੈ

-0-

ਹਵਾ ਦੀ ਗਤੀ ਅੱਗਣ ਦਾ ਤੇਜ਼
ਪੱਥਰ ਦੀ ਕੁੱਖ ਹੈ
ਜਲ ਦਾ ਵੇਗ ਧਰਤ ਦੀ ਮਹਿਕ
ਅੰਬਰ ਦਾ ਭੌਣਾ
ਪੱਥਰ ਦੀ ਕੁੱਖ ਹੈ
ਪੱਥਰ ਹੀ ਬੀਜ ਹੈ ਪੱਥਰ ਹੀ ਰੁੱਖ ਹੈ

-0-

ਪੱਥਰ ਚੋਂ ਜਨਮਿਆ ਹੈ
ਜੋ ਦਿੱਸ ਹੈ ਅਦਿੱਸ ਹੈ
ਪੱਥਰ ਹੀ ਧਰਤ ਤੇ ਅਸਮਾਨ
ਵਿਚਲੀ ਖਿੱਚ ਹੈ
ਪੱਥਰ ਹੀ ਪ੍ਰਾਣ ਦੀ ਗਤੀ ਹੈ
ਪੱਥਰ ਹੀ ਇਨਸਾਨ ਦੀ ਗਤੀ ਹੈ
ਪੱਥਰ ਗਤੀ ਦੀ ਜਾਨ ਹੈ
ਗਤੀ ਸ੍ਰਿਸ਼ਟੀ ਦਾ ਪ੍ਰਾਣ ਹੈ
ਪੱਥਰ ਆਪ ਗਤੀ ਹੀਣ ਹੈ
ਪਰ ਬ੍ਰਹਿਮੰਡਕ ਗਤੀ ਦਾ ਪ੍ਰਮਾਣ ਹੈ

-0-

ਉਹ ਜਦ ਬਾਹਰ ਆਇਆ
ਤਾਂ ਉਸਦੀ ਪ੍ਰੱਥਰ ਦ੍ਰਿਸ਼ਟੀ
ਨਿਰੋਲ ਮਾਨਵੀ ਦ੍ਰਿਸ਼ਟੀ 'ਚ
ਢਲ ਚੁੱਕੀ ਸੀ
ਉਸਦੀ ਸੋਚ 'ਚ
ਪੱਥਰ ਦੇ ਅਰਥ ਬਦਲ ਚੁੱਕੇ ਸਨ
ਗਤੀਹੀਣਤਾ ਦਾ ਪ੍ਰਤੀਕ ਪੱਥਰ
ਹੁਣ ਉਸ ਲਈ ਗਤੀ ਦੀ ਕੁੱਖ ਸੀ
ਦੌੜਦਾ ਪਹਾੜ ਸੀ ਤੁਰਦਾ ਰੁੱਖ ਸੀ

------

## ਖਲਾਅ ਤੇ ਉਹ

ਉਹ ਖਲਾਅ ਦੇ ਸੱਚ ਦੀ
ਭਾਲ 'ਚ ਨਿਕਲਿਆ
ਉਸ ਵੇਖਿਆ
ਉਸਦੇ ਅੰਦਰ ਬਾਹਰ ਖਲਾਅ ਹੈ
ਉਸਨੇ ਪੈਰਾਂ ਹੇਠਲੀ ਧਰਤ ਨੂੰ
ਪਰਤ-ਦਰ-ਪਰਤ ਉਧੇੜਿਆ
ਧਰਤੀ ਮੁਕ ਗਈ
ਖਲਾਅ ਨਹੀਂ ਮੁੱਕਾ
ਉਹ ਆਪਣੀ ਭਾਲ 'ਚ
ਖਲਾਅ ਦੀ ਆਕਾਰ ਰਹਿਤਤਾ ਨੂੰ
ਢੁਕਾ

-0-

ਉਸਨੂੰ ਲੱਗਿਆ
ਸਮੁੰਦਰ 'ਚ ਪਾਣੀ ਦਾ
ਜੰਗਲ 'ਚ ਰੁੱਖਾਂ ਦਾ ਪਲਾਅ ਹੈ
ਪਹਾੜ 'ਚ ਵਜ਼ੂਦ ਦਾ
ਜ਼ਰੇ 'ਚ ਸਹਿਰਾ ਦਾ ਪਲਾਅ ਹੈ
ਬੀਜ 'ਚ ਰੁੱਖ ਦਾ
ਬਿੰਦੂ 'ਚ ਦਾਇਰੇ ਦਾ ਖਲਾਅ ਹੈ
ਅੰਬਰ 'ਚ ਅੰਬਰ ਦਾ
ਧਰਤੀ 'ਚ ਧਰਤੀ ਦਾ ਖਲਾਅ ਹੈ
ਇਹ ਜੋ ਭਰਿਆ ਦਿੱਸ ਰਿਹਾ ਹੈ
ਖਲਾਅ ਦਾ ਭਰਮ ਹੈ

ਸਭ ਕੱਚ ਹੈ
ਇਸ ਭਰੇ ਦਾ ਖਲਾਅ ਹੀ ਸੱਚ ਹੈ

-0-

ਅਣਗਿਣਤ ਧਰਤੀਆਂ
ਅੰਬਰਾਂ ਬ੍ਰਹਿਮੰਡਾਂ ਦਾ ਵਜ਼ੂਦ ਹੈ
ਜੋ ਚੇਤਨਾ ਜਗਿਆਸਾ ਤੋਂ
ਬਾਹਰ ਹੈ
ਜਿਸਦੇ ਅੰਦਰ ਵੀ ਖਲਾਅ ਹੈ
ਬਾਹਰ ਵੀ ਖਲਾਅ ਹੈ
ਸਾਰੀ ਸਿਰਜਣਾ ਨੇ
ਇਸ ਖਲਾਅ ਦੀ ਬੁੱਕਲ਼
ਮਾਰੀ ਹੈ
ਸਾਰੀ ਸਿਰਜਣਾ ਖਲਾਅ ਨੇ
ਆਪਣੀ ਦੇਹ 'ਚ ਉਤਾਰੀ ਹੈ

-0-

ਸਿਰਜਣਾ ਦਾ ਭਰਮ
ਜਦ ਮਿੱਟ ਜਾਏਗਾ
ਫਿਰ ਖਲਾਅ ਦਾ ਸੱਚ
ਖਲਾਅ ਹੀ ਨਜ਼ਰ ਆਏਗਾ
ਜੋ ਸਿਰਜਣਾ ਤੋਂ ਪਹਿਲਾਂ
ਵੀ ਮੌਜੂਦ ਸੀ
ਸਿਰਜਣਾ ਦੇ ਹੁੰਦਿਆਂ ਵੀ
ਮੌਜੂਦ ਹੈ
ਸਿਰਜਣਾ ਰਹੇ ਨਾ ਰਹੇ
ਖਲਾਅ ਦਾ ਸਦਾ ਵਜ਼ੂਦ ਹੈ

-0-

ਜੋ ਭਰਿਆ ਹੈ
ਉਸ ਖਾਲੀ ਹੋਣਾ ਹੈ
ਜੋ ਖ਼ਾਲੀ ਹੈ
ਉਸ ਭਰਿਆ ਜਾਣਾ ਹੈ
ਪਰ ਖ਼ਾਲੀ ਨਾ ਖ਼ਾਲੀ ਹੋਣਾ ਹੈ
ਖ਼ਾਲੀ ਨੇ ਖ਼ਾਲੀ ਸੰਗ
ਭਰਿਆ ਹੀ ਰਹਿਣਾ ਹੈ
ਇਸ ਖ਼ਾਲੀ ਦਾ
ਖਲਾਅ ਹੀ ਸੱਚ ਹੈ
ਜੋ ਸਦਾ ਹੀ ਰਹਿੰਦਾ ਹੈ
ਜੋ ਸਦਾ ਹੀ ਰਹਿਣਾ ਹੈ

–0–

ਉਸਨੂੰ
ਸਾਰੀ ਕੁਦਰਤ ਸਾਰੀ ਕਾਇਨਾਤ
ਸਾਰੀ ਸ੍ਰਿਸ਼ਟੀ ਸਾਰੀ ਮਾਨਵਤਾ
ਜੀਵ ਜੰਤੂ ਪਸ਼ੂ ਪੰਛੀ
ਲਹੂ ਮਾਸ ਰਿਸ਼ਤੇ ਨਾਤੇ
ਸਭ ਭਰੇ ਦਾ ਵਜੂਦ ਲੱਗੇ
ਭਰਮ ਦਾ ਸੱਚ ਲੱਗੇ
ਸੱਚ ਦਾ ਭਰਮ ਲੱਗੇ

–0–

ਉਹ ਜਦ ਘਰ ਪਰਤਿਆ
ਤਾਂ ਉਹ ਭਰੇ ਦੇ ਭਰਮ ਤੋਂ
ਮੁਕਤ ਸੀ

ਖਲਾਅ 'ਚ
ਖਲਾਅ ਦੇ ਸੱਚ ਤੋਂ ਸੰਤੁਸ਼ਟ ਸੀ
ਉਸਨੇ ਭਰੇ ਦਾ ਭਰਮ ਗੁਆ ਲਿਆ
ਖ਼ਾਲੀ ਦਾ ਸੱਚ ਪਾ ਲਿਆ

-0-

ਉਹ ਹੁਣ
ਆਪਣੇ ਅੰਦਰਲੇ ਖਲਾਅ
ਨਾਲ ਉੱਠਦਾ ਬੈਠਦਾ
ਖਲਾਅ ਸੰਗ
ਵਾਦ ਵਿਵਾਦ ਕਰਦਾ
ਖਲਾਅ ਦਾ ਪਿੰਡਾ ਤਰਦਾ
ਖਲਾਅ ਦੀ ਆਰਤੀ ਉਤਾਰਦਾ
ਖਲਾਅਂ ਨੂੰ ਹਾਜ਼ਰ ਨਾਜ਼ਰ ਜਾਣਦਾ

-0-

ਉਹ ਮੌਤ ਦੇ ਭੈਅ ਤੋਂ ਮੁਕਤ ਸੀ
ਮੌਤ ਤੋਂ ਅਗੇਰੇ ਸਫ਼ਰ 'ਚ
ਉਸਦੀ ਜੁੜੀ ਸੁਰਤ ਸੀ
ਜੀਵਨ ਮੌਤ
ਉਸ ਲਈ ਇਕ ਸਮਾਨ ਸੀ
ਇਨਸਾਨਾਂ ਦੀ ਦੁਨੀਆਂ 'ਚ
ਉਹ ਇਕ ਅਜਿਹਾ ਇਨਸਾਨ ਸੀ
ਜੋ ਭਰੇ ਦਾ ਭਰਮ ਮੁਕਾ
ਖਲਾਅ ਦਾ ਸੱਚ ਹੰਢਾ ਰਿਹਾ ਸੀ
ਜੋ ਖਲਾਅ ਦਾ ਪੁਜਾਰੀ ਸੀ
ਖਲਾਅ ਦੇ ਸੱਚ ਦੀ ਹਕੀਕਤ
ਜਿਸ ਆਪਣੇ ਜੀਵਨ 'ਚ ਉਤਾਰੀ ਸੀ

-----

# ਜਿਉਂਦੀ ਖ਼ੁਦਕੁਸ਼ੀ

ਉਸਦੇ ਜੀਵਨ ਚੋਂ
ਰੌਣਕਾਂ ਰੰਗੀਨੀਆਂ
ਇੰਝ ਨੁਚੜੀਆਂ
ਕਿ ਉਹ ਚੁੱਪ ਇਕੱਲਤਾ ਤੇ
ਉਦਾਸੀ ਦੀ ਲਾਂਅ ਤੇ ਟੰਗਿਆ
ਗਿਆ
ਦਿਲਗੀਰੀ ਦੇ ਰੰਗਾਂ 'ਚ
ਰੰਗਿਆ ਗਿਆ

–0–

ਉਸਨੇ ਆਪਣੀ ਦੇਹ ਨੂੰ
ਰਹਿਣੀ ਬਹਿਣੀ ਨੂੰ
ਜਿਉਂਦੀ ਖ਼ੁਦਕੁਸ਼ੀ 'ਚ ਢਾਲਿਆ
ਆਪਣੇ ਆਪ ਨੂੰ
ਜਿਉਂਦੀ ਕਬਰ ਦਾ ਘਰ
ਬਣਾਇਆ

–0–

ਕਬਰ ਜਿਉਂਦੀ
ਉਸਦੀ ਦੇਹ ਪੱਥਰ ਹੋ ਗਈ
ਮੌਸਮਾਂ ਬਹਾਰਾਂ ਰੁੱਤਾਂ ਸਰਦੀ
ਗਰਮੀ ਤੋਂ ਮੁਕਤ ਹੋ ਗਈ
ਉਹ ਇਕ ਬੰਦ ਦਰਵਾਜ਼ਾ ਹੋ ਗਿਆ
ਜਿਸਨੂੰ ਨਾ ਦਸਤਕ ਦੀ ਆਸ ਸੀ
ਜੋ ਚੇਤਨਾ ਜਗਿਆਸਾ ਰਹਿਤ ਸੀ

ਜਿਸਨੂੰ ਨਾ ਚਿੰਤਾ ਸੀ ਕੋਈ
ਨਾ ਕੋਈ ਅਹਿਸਾਸ ਸੀ

-0-

ਹੁਣ ਉਹ ਬੋਲਦਾ ਸੁਣਦਾ
ਦੇਖਦਾ ਨਾ ਤੁਰਦਾ
ਬਸ ਆਪਣੇ ਆਪ 'ਚ
ਬੈਠਾ ਝੁਰਦਾ
ਕਬਰ ਕੋਈ ਦੇਹ 'ਚ
ਉਸਦਾ ਅੰਦਰਲਾ
ਇਕ ਆਲ੍ਹਣੇ ਦੀ ਤਲਾਸ਼ 'ਚ
ਗਿੱਲੀ ਲੱਕੜ ਵਾਗ ਧੁੱਖਦਾ
ਇਕ ਪੰਛੀ ਦੇ ਸਾਥ ਲਈ
ਅੰਦਰ ਹੀ ਅੰਦਰ ਸੁਲਗਦਾ

-0-

ਕਬਰ ਹੋਈ ਦੇਹ 'ਚ ਵੀ
ਉਸਦਾ ਅੰਦਰ
ਇਕ ਬੁਝ ਬੁਝ ਕੇ ਜਗਦਾ
ਚਰਾਗ਼ ਸੀ
ਜਿਸਨੂੰ ਉਹ ਕਈ ਵਾਰ
ਬੁਝਾਉਂਦਾ ਰਿਹਾ
ਉਸਦਾ ਅੰਦਰਲਾ ਹਰ ਵਾਰ ਹੀ
ਉਸਨੂੰ ਜਗਾਉਂਦਾ ਰਿਹਾ

-0-

ਇਕਾਂਤ ਇਕੱਲਤਾ ਚੁੱਪ ਤੇ
ਦੁਨੀਆਂ ਤੋਂ ਅਲੱਗ
ਆਪਣੇ ਆਪ 'ਚ ਰਹਿਣ ਦਾ

ਉਸਨੂੰ ਅਹਿਸਾਸ ਨਹੀਂ ਸੀ
ਅਭਿਆਸ ਨਹੀਂ ਸੀ
ਉਸਨੂੰ ਮਹਿਸੂਸ ਹੋਇਆ
ਉਹ ਜਿਉਂਦਾ ਮੋਇਆ ਨਹੀਂ ਸੀ
ਜਿਉਂਦੀ ਖ਼ੁਦਕੁਸ਼ੀ ਕਰਕੇ
ਮੋਇਆ ਹੈ
ਜਿਉਂਦਾ ਕਬਰ ਹੋਇਆ ਹੈ

-0-

ਉਸ ਕੋਲੋਂ ਜਿਉਂਦੀ ਖ਼ੁਦਕੁਸ਼ੀ
ਬਹੁਤੀ ਦੇਰ ਬਰਦਾਸ਼ਤ ਨਾ ਹੋਈ
ਉਹ ਕਬਰ ਚੋਂ ਨਿਕਲਿਆ
ਨਾਤਾ ਧੋਤਾ ਬਣ ਠਣਕੇ
ਸੜਕ ਤੇ ਆ ਗਿਆ

-0-

ਉਸਦੇ ਨੈਣ
ਅਜ਼ਨਬੀ ਨੈਣਾਂ ਸੰਗ ਮਿਲੇ
ਉਸਦੇ ਅੰਦਰ
ਜ਼ਿੰਦਗੀ ਦਾ ਸੱਚ ਮੌਲਿਆ
ਉਸਨੂੰ ਮਹਿਸੂਸ ਹੋਇਆ
ਉਹ ਵੀ ਕਿਸੇ ਨੂੰ ਚੰਗਾ ਲੱਗਦਾ ਹੈ
ਉਸਦਾ ਵੀ ਕੋਈ ਮੁੱਲ ਹੈ
ਉਹ ਅਜ਼ਨਬੀ ਨੈਣਾਂ 'ਚ
ਖਿੜਿਆ ਫੁੱਲ ਹੈ

-0-

ਉਹ ਨੈਣਾਂ ਦੀ ਖਿੱਚ ਦਾ ਮਾਰਿਆ

ਸਦਾ ਲਈ ਉਨ੍ਹਾਂ ਦਾ ਹੋ ਗਿਆ
ਉਸਦੀ ਦੇਖ ਰੇਖ ਲਈ
ਹੁਣ ਉਸਦੀ ਸਾਥਣ ਸੀ
ਆਲ੍ਹਣੇ ਦਾ ਸੱਚ ਸੀ
ਜੀਵਨ ਦਾ ਰਾਗ ਸੀ
ਉਹ ਦੀਵੇ ਤੋਂ
ਸੂਰਜ ਹੋਇਆ ਚਰਾਗ਼ ਸੀ

-0-

ਪਿਆਰ ਜੋ ਜੀਵਨ ਦਾ ਮੂਲ ਹੈ
ਹੁਣ ਉਸਦੇ ਕੋਲ ਸੀ
ਉਹ ਆਪਣੀ ਇਕੱਲਤਾ ਦੀ
ਰੌਣਕ ਸੀ ਚੁੱਪ ਦਾ ਸ਼ੋਰ ਸੀ
ਕਬਰ ਚੋਂ ਗੂੰਜਦਾ ਬੋਲ ਸੀ
ਜ਼ਿੰਦਗੀ ਤੋਂ ਖ਼ੂਬਸੂਰਤ
ਵੱਧ ਕੁੱਝ ਨਹੀਂ
ਜ਼ਿੰਦਗੀ ਦੇ ਸੱਚ ਜਿਹਾ
ਕੋਈ ਸੱਚ ਨਹੀਂ

-0-

ਉਸਦੇ ਜੀਵਨ ਚੋਂ
ਰੌਣਕਾਂ ਰੰਗੀਨੀਆਂ ਇੰਝ
ਨੁਚੜੀਆਂ
ਕਿ ਉਹ ਚੁੱਪ ਇਕੱਲਤਾ ਤੇ
ਉਦਾਸੀ ਦੀ ਲਾਂਅ ਤੇ ਟੰਗਿਆ ਗਿਆ
ਦਿਲਗੀਰੀ ਦੇ ਰੰਗ 'ਚ
ਰੰਗਿਆ ਗਿਆ

-----

## ਚੁੱਪ ਤੇ ਉਹ

ਚੁੱਪ
ਕੱਛੂਏ ਵਾਂਗ ਆਪਣੀਆਂ
ਸਾਰੀਆਂ ਇੰਦਰੀਆਂ ਸਮੇਟ
ਆਪਣੇ ਆਪ 'ਚ ਉਤਰ ਜਾਣਾ ਹੈ
ਦੇਖਣ ਬੋਲਣ ਸੁਣਨ ਤੋਂ
ਮੁਕਤ ਹੋਣਾ ਹੈ
ਸਰੀਰਕ ਕਾਰਜ ਪ੍ਰਣਾਲੀ ਦੇ
ਅਦਾਨ ਪ੍ਰਦਾਨ ਨੂੰ
ਪੱਥਰ ਕਰਨਾ ਹੈ
ਸਵੈਮਾਣ ਬਚਣੀ ਤਿਆਗਣੀ
ਪੂਰਨ ਮੌਨ
ਆਪਣੇ ਆਪ 'ਚ
ਸ਼ੂਨਯ ਤੇ ਅਫੁਰ ਹੋਣਾ ਹੈ

-0-

ਉਸ ਆਪਣੇ ਮੌਨ 'ਚ
ਉਤਰਕੇ ਵੇਖਿਆ
ਲੋਕ ਕਿਵੇਂ
ਉਸ ਨਾਲ ਵਰਤਾਰਾ ਕਰਦੇ ਹਨ
ਲੋਕਾਂ ਉਸਦਾ ਪੁਤਲਾ ਬਣਾਇਆ
ਉਸਦੇ ਗਲ 'ਚ
ਕੁੱਤਾ ਕਮੀਨਾ ਚੋਰ ਹਰਾਮੀ
ਕਈ ਕਿਸਮ ਦੇ ਅਸ਼ਲੀਲ ਸ਼ਬਦ
ਲਿਖ ਕੇ ਪਾ ਦਿੱਤੇ

ਉਸਦਾ ਮੂੰਹ ਕਾਲਾ ਕੀਤਾ
ਸ਼ਹਿਰ 'ਚ ਫੇਰਿਆ
ਤੇ ਫਿਰ ਉਸਦੇ ਸਾਵੇਂ
ਉਸਦਾ ਪੁੱਤਲਾ ਸਾੜਿਆ

-0-

ਉਸਦਾ ਅੰਦਰਲਾ
ਜੋ ਉਸ ਦਾ ਸੱਚ ਸੀ
ਜੋ ਸਦੀਆਂ ਤੋਂ
ਉਸਦੇ ਮਾਖੌਟੇ ਹੇਠ ਛੁਪਿਆ ਸੀ
ਉਸਦੀ ਚੁੱਪ ਨੂੰ
ਲੋਕਾਂ ਦੇ ਸ਼ੋਰ ਨੇ ਵਿਖਾਇਆ

-0-

ਉਹ ਚੁੱਪ ਰਿਹਾ
ਲੋਕਾਂ ਦਾ ਸ਼ੋਰ ਜਿਉਂਦਾ ਰਿਹਾ
ਉਸਦੀ ਚੁੱਪ ਨੇ
ਉਸਦੇ ਅੰਦਰ
ਏਨੀ ਸਹਿਣਸ਼ੀਲਤਾ
ਠਹਿਰਾਉ ਤੇ ਵਿਸ਼ਵਾਸ
ਪੈਦਾ ਕਰ ਦਿੱਤਾ
ਕਿ ਉਸਨੇ
ਆਪਣਾ ਸਿਰ ਕੱਟ ਕੇ
ਲੋਕਾਂ ਦੀ ਤਲੀ ਤੇ ਧਰ ਦਿੱਤਾ

-0-

ਉਸ ਸੋਚਿਆ
ਲੋਕ ਜੋ ਕਹਿ ਰਹੇ ਹਨ ਵਿਖਾ ਰਹੇ ਹਨ

ਇਹ ਮੇਰਾ ਹੀ ਸੱਚ ਹੈ
ਜੋ ਮੇਰੇ ਸਾਹਮਣੇ ਆਇਆ ਹੈ
ਇਹ ਚੁੱਪ ਹੈ
ਜਿਸਨੇ ਮੈਨੂੰ ਸੱਚ ਸਹਾਰਨ ਦੇ
ਕਾਬਲ ਬਣਾਇਆ ਹੈ

-0-

ਉਸਨੇ
ਜਦ ਸੱਚ ਬਰਦਾਸ਼ਤ
ਕਰ ਲਿਆ
ਤਾਂ ਉਸਦੀ ਚੁੱਪ ਨੇ
ਆਪਣੀ ਜ਼ੁਬਾਨ ਤੋਂ ਬੋਲ
ਧਰ ਲਿਆ
ਉਹ ਚੌਕ 'ਚ ਖਲ੍ਹੋ ਕੇ
ਭੀੜ ਨੂੰ ਮੁਖ਼ਾਤਿਬ ਹੋਇਆ
ਤੁਹਾਡਾ ਸ਼ੁਕਰੀਆ
ਤੁਸਾਂ ਮੈਨੂੰ
ਮੇਰਾ ਦਰਪਣ ਵਿਖਾਇਆ ਹੈ
ਚਿਹਰੇ ਦਾ ਸੱਚ ਸਮਝਾਇਆ ਹੈ
ਇਕ ਜਾਨਵਰ ਨੂੰ
ਆਦਮੀ ਬਣਾਇਆ ਹੈ

-----

## ਵੀਰਾਨੀ ਤੇ ਰੁੱਖ

(ਕੁਦਰਤੀ ਸੰਦਰਭ ਵਿਚ)

ਉਹ ਸੁੱਕਾ ਰੁੱਖ ਸੀ
ਜ਼ਿੰਦਗੀ ਨੇ
ਉਸ ਵੱਲੋਂ ਮੁੱਖ ਮੋੜਿਆ ਸੀ
ਮੌਸਮਾਂ ਬਹਾਰਾਂ ਰੁੱਤਾਂ ਨੂੰ
ਉਸਦੀ ਦੇਹ ਚੋਂ ਨਚੋੜਿਆ ਸੀ
ਉਸਦੀਆਂ ਜੜ੍ਹਾਂ ਤੋਂ ਪੱਤੇ ਤੱਕ
ਹਰਿਆਵਲ ਆਲੋਪ ਸੀ
ਕਬਰਾਂ ਦੀ ਉਦਾਸੀ
ਉਸਦੀ ਆਗ਼ੋਸ਼ ਸੀ

-0-

ਉਹ ਆਪਣੀ
ਪਿੰਜਰ ਹੋਈ ਦੇਹ 'ਚ ਉਤਰਦਾ ਗਿਆ
ਉਸਦੀ ਅੰਦਰਲੀ ਪ੍ਰਕਿਰਤੀ
ਸੁੰਗੜਦੀ ਗਈ
ਸਾਗਰ ਸੁੱਕਦਾ ਗਿਆ
ਦਰਿਆਵਾਂ ਨਦੀਆਂ 'ਚ
ਔੜਾਂ ਫੈਲੀਆਂ
ਪਹਾੜ ਰੇਤਲੇ
ਜੰਗਲ ਸੁੱਕੇ ਰੁੱਖਾਂ ਦਾ ਹਾਜ਼ੂਮ ਹੋ ਗਏ
ਉਹ ਉਜੜਿਆ ਦਰ ਹੋ ਗਿਆ
ਸ਼ਮਸ਼ਾਨ ਦੀ ਦੇਹ
ਕਬਰਾਂ ਦਾ ਘਰ ਹੋ ਗਿਆ

-0-

ਉਹ ਵੀਰਾਨ ਹੋਇਆ ਵੀ
ਹਰਿਆਵਲ ਸਿਮਰਦਾ ਪੂਜਦਾ
ਧਿਆਉਂਦਾ ਰਿਹਾ
ਵੀਰਾਨੀ ਦੇ ਕੰਠ ਚੋਂ
ਗੀਤ ਬਹਾਰਾਂ ਦੇ ਗਾਉਂਦਾ ਰਿਹਾ

-0-

ਉਹ ਜਦ ਵੀਰਾਨੀਆਂ ਜੀਅ ਰਿਹਾ
ਹੰਢਾ ਰਿਹਾ ਸੀ
ਪੀ ਤੇ ਖਾ ਰਿਹਾ ਸੀ
ਉਸਨੇ ਵੀਰਾਨੀ ਦੀ ਕੁੱਖ ਚੋਂ
ਜੰਗਲ ਦਾ ਬੀਜ
ਸਮੁੰਦਰ ਦੀ ਬੂੰਦ ਤੱਕੀ
ਨਦੀਆਂ ਦੀ ਸੀਤਲਤਾ
ਦਰਿਆਵਾਂ ਦਾ ਵੇਗ
ਮੌਸਮਾਂ ਬਹਾਰਾਂ ਦੀ ਮਹਿਕ ਤੱਕੀ
ਇਕ ਦੁਨੀਆਂ
ਵੀਰਾਨੀ 'ਚ ਸੁੰਗੜਦੀ ਤੱਕੀ
ਇਕ ਦੁਨੀਆਂ
ਵੀਰਾਨੀ ਚੋਂ ਪੁੰਗਰਦੀ ਤੱਕੀ
ਸੁਬ੍ਹਾ 'ਚ ਢਲਦੀ ਸ਼ਾਮ ਤੱਕੀ
ਪਰ ਹਰ ਸ਼ੈਅ
ਵਕਤ ਦੀ ਗ਼ੁਲਾਮ ਤੱਕੀ

-0-

ਉਹ ਹੈਰਾਨ ਹੋ ਗਿਆ
ਜਦ ਵਕਤ ਤੋਂ ਪਹਿਲਾਂ

ਉਸਦੇ ਬਦਨ ਚੋਂ
ਪੱਤਰ ਪੁੰਗਰੇ
ਟਹਿਣੀਆਂ ਫੁੱਲ ਫੱਲ ਤੇ ਛਾਵਾਂ
ਜਨਮੀਆਂ
ਉਹ ਹਰਿਆ ਭਰਿਆ ਰੁੱਖ
ਹੋ ਗਿਆ
ਪੰਛੀਆਂ ਲਈ ਆਲ੍ਹਣਾ
ਧੁੱਪ 'ਚ ਸੜਦੇ ਮੁਸਾਫ਼ਰਾਂ ਲਈ
ਭੁੱਖ ਦਾ ਸਾਮਾਨ ਛਾਵਾਂ ਦਾ
ਸੁੱਖ ਹੋ ਗਿਆ

-0-

ਉਹ ਹੈਰਾਨ ਸੀ
ਬਹਾਰ ਤੋਂ ਪਹਿਲਾਂ
ਕਿਵੇਂ ਉਹ ਹਰਾ ਕਚੂਰ ਹੋ ਗਿਆ
ਸੁੱਕੇ ਪਿੰਜਰ ਤੋਂ
ਕਿਵੇਂ ਉਹ ਜ਼ਿੰਦਗੀ ਦਾ
ਨੂਰ ਹੋ ਗਿਆ

-0-

ਉਸਦੀ ਟਹਿਣੀ ਤੇ ਬੈਠਾ
ਇਕ ਪੱਛੀ ਬੋਲਿਆ
ਤੂੰ ਸੁੱਕ ਕੇ ਵੀ
ਅੰਦਰੋਂ ਹਰਾ ਰਿਹਾ ਹੈਂ
ਇਸ ਸੋਕੇ ਦਾ ਸੱਚ
ਤੂੰ ਅਪਣਾਇਆ ਨਹੀਂ

ਵਕਤ ਤੋਂ ਪਹਿਲਾਂ
ਉਹ ਰੁੱਖ ਹੀ ਪੁੰਗਰਦੇ ਹਨ
ਜੋ ਸੋਕੇ 'ਚ ਜਿਉਂਦੇ ਵੀ
ਹਰਿਆਵਲ ਨੂੰ ਸਿਮਰਦੇ ਹਨ

-0-

ਇਹ ਸੁਣਕੇ
ਰੁੱਖ ਨੇ ਸੁੱਕੇ ਰੁੱਖ ਦੀ ਜੋਤ
ਆਪਣੇ ਮਸਤਕ 'ਚ ਜਗਾ ਲਈ
ਸੁੱਕੇ ਰੁੱਖ ਨੂੰ ਪੂਜਿਆ ਸਿਮਰਿਆ
ਧਿਆਇਆ
ਜਿਸ ਚੋਂ
ਉਸ ਹਰਿਆਵਲ ਦਾ ਸੱਚ ਸੀ
ਪਾਇਆ
ਉਸਨੂੰ ਗਿਆਨ ਹੋਇਆ
ਬਹਾਰ ਦਾ ਹਸ਼ਰ ਹੀ ਪੱਤਝੜ ਹੈ
ਪੱਤਝੜ ਦਾ ਹਸ਼ਰ ਹੀ ਬਹਾਰ ਹੈ
ਜੋ ਰੌਣਕਾਂ ਦੀ ਕੁੱਖ ਹੈ
ਰੁੱਖ ਦਾ ਸੱਚ ਹੈ ਸੱਚ ਦਾ ਰੁੱਖ ਹੈ

-----

## ਘਰ ਤੇ ਉਹ

ਖ਼ੁਸ਼ੀਆਂ
ਉਸਨੂੰ ਅਲਵਿਦਾ ਕਹਿ
ਉਸਦੀ ਸਰਦਲ ਤਿਆਗ਼
ਗਈਆਂ
ਗ਼ਮਾਂ ਦੀ ਦੁਨੀਆਂ 'ਚ
ਉਸਨੂੰ ਉਤਾਰ ਗਈਆਂ

-0-

ਉਹ ਗ਼ਮਾਂ 'ਚ ਘਿਰਿਆ
ਉਦਾਸ ਘਰ ਕੰਧਾਂ ਛੱਤਾਂ ਤੇ
ਚੌਂਕੇ 'ਚ ਖਿਲਰੇ ਬਰਤਨਾਂ ਨੂੰ
ਵੇਖ ਰਿਹਾ ਸੀ
ਠਰੇ ਚੁੱਲ੍ਹੇ ਦਾ ਠੰਡਾ ਜਿਸਮ
ਉਸਨੂੰ
ਉਸਦੀ ਸੀਤ ਦੇਹ ਦਾ
ਅਹਿਸਾਸ ਕਰਵਾ ਰਿਹਾ ਸੀ

-0-

ਉਹ ਸੋਚਾਂ 'ਚ ਡੁੱਬ ਗਿਆ
ਉਸਦੀ ਨਸ ਨਸ 'ਚ ਲਹੂ
ਜਮ ਗਿਆ
ਉਸਦੀ ਚੇਤਨਾ ਤੇ ਅਨੁਭਵ
ਫ਼ਿਕਰਾਂ 'ਚ ਪਏ ਧੁੱਖ ਰਹੇ ਸਨ

-0-

ਉਸਨੂੰ ਆਪਣਾ ਦੁਆਲਾ
ਗਲੀਆਂ ਕੂਚੇ ਸੜਕਾਂ ਤੇ ਲੋਕ

ਜਿਉਂਦੀਆਂ ਲਾਸ਼ਾਂ ਲੱਗੀਆਂ
ਜੋ ਆਪਾ ਚੁੱਕੀ ਦਰ ਦਰ ਭੌਂਦੀਆਂ
ਜੀਵਨ ਦੀ ਭੀਖ਼ ਮੰਗ ਰਹੀਆਂ ਸਨ
ਉਹ ਆਪਣੀ ਲਾਸ਼ ਚੁੱਕੀ
ਜ਼ਿੰਦਗੀ ਦੇ ਦਰਵਾਜ਼ੇ 'ਤੇ
ਸਾਹਾਂ ਦੀ ਦਸਤਕ ਦੇ ਰਿਹਾ ਸੀ

-0-

ਮੌਸਮ ਬਹਾਰਾਂ ਰੁੱਤਾਂ
ਸਭ ਉਸ ਲਈ ਰਾਖ਼ ਸਨ
ਉਸਨੂੰ ਹਵਾ ਦੇ ਪਿੰਡੇ ਚੋਂ
ਗਤੀ ਦਾ ਮੁਰਦਾ
ਅੱਗਣ ਦੇ ਪਿੰਡੇ ਚੋਂ
ਤੇਜ਼ ਦਾ ਬਲਦਾ ਸਿਵਾ
ਨਜ਼ਰ ਆਉਂਦਾ
ਜਲ 'ਚ ਜਲ ਦੀ ਤਰਦੀ
ਲਾਸ਼ ਲੱਗਦੀ
ਦੁਆਲੇ ਦੀ ਪ੍ਰਕਿਰਤੀ ਸ਼ਮਸ਼ਾਨ
ਦਿੱਸਦੀ

-0-

ਗ਼ਮਾਂ ਦੀ ਦੁਨੀਆਂ
ਉਸਦੇ ਜੀਵਨ ਦੀ ਸੁਗ਼ਾਤ ਸੀ
ਉਹ ਗ਼ਮਾਂ ਦਾ ਮੁਜੱਸਮਾਂ ਸੀ
ਗ਼ਮ ਹੀ
ਉਸਦੇ ਜੀਵਨ ਦੀ ਰਾਸ ਸੀ

-0-

ਉਸਨੇ ਗ਼ਮਾਂ ਚ ਰਾਖ਼ ਹੋਈ
ਆਪਣੀ ਦੇਹ ਨੂੰ ਫਰੋਲਿਆ
ਉਸ ਵਿਚ ਅਜੇ ਵੀ
ਕੁਝ ਹੱਡ ਸਨ
ਜੋ ਧੁੱਖ ਰਹੇ ਸਨ
ਅਸਲ ਰਾਖ਼ ਹੋਣ ਤੋਂ ਪਹਿਲਾਂ
ਉਹ ਬੋਲਣਾ ਚਾਹੁੰਦੇ ਸਨ
ਆਪਣੇ ਸ਼ਬਦਾਂ 'ਚ ਲੁਕੇ
ਅਰਥਾਂ ਦੇ ਦਰ ਖੋਲ੍ਹਣਾ
ਚਾਹੁੰਦੇ ਸਨ
ਜਿਨ੍ਹਾਂ 'ਚ ਗ਼ਮਾਂ ਦੇ ਬੀਜ ਦਾ
ਵਸੇਰਾ ਸੀ
ਖ਼ੁਸ਼ੀ ਜਨਮਦੇ ਰੁੱਖਾਂ ਦਾ
ਜਿਨ੍ਹਾਂ ਬੀਜਾਂ 'ਚ ਡੇਰਾ ਸੀ

-0-

ਉਸਨੇ
ਉਨ੍ਹਾਂ ਅਰਥਾਂ ਦੇ ਦਰ ਖੋਲ੍ਹੇ
ਵੇਖਿਆ
ਗ਼ਮਾਂ ਦੀ ਗੋਦ 'ਚ
ਖ਼ੁਸ਼ੀ ਖੇਡ ਰਹੀ ਹੈ
ਪੀੜਾਂ ਦਵਾ ਦਾ ਰੂਪ
ਧਾਰ ਰਹੀਆਂ ਹਨ
ਕਬਰਾਂ ਚੋਂ
ਜ਼ਿੰਦਗੀ ਪੁੰਗਰ ਰਹੀ ਹੈ

ਅੱਗਣ ਚੋਂ ਹਰਿਆਵੱਲ
ਹਨ੍ਹੇਰੇ ਦੀ ਕੁੱਖ ਚੋਂ
ਸੂਰਜ ਜਨਮ ਰਿਹਾ ਹੈ

-0-

ਉਸ ਵੇਖਿਆ
ਗ਼ਮਾਂ ਦੀ ਰਾਖ਼ ਹੋਈ ਢੇਰੀ ਚੋਂ
ਫੁੱਲਾਂ ਲੱਦਿਆ
ਇਕ ਰੁੱਖ ਉੱਗ ਆਇਆ ਹੈ
ਰੁੱਖ ਉਸ 'ਚ
ਉਹ ਰੁੱਖ 'ਚ ਸਮਾਇਆ ਹੈ
ਜਿਸ ਘਰ ਦੀਆਂ ਕੰਧਾਂ ਛੱਤਾਂ
ਵਿਹੜਾ ਰੁਸ਼ਨਾਇਆ ਹੈ
ਚੌਂਕੇ 'ਚ ਖਿਲਰੇ ਬਰਤਨਾਂ ਨੂੰ
ਹੱਸਣ ਲਾਇਆ ਹੈ
ਚੁੱਲ੍ਹਾ ਲੱਟ ਲੱਟ ਬਲ ਰਿਹਾ ਹੈਂ
ਉਹ ਚੁਲ੍ਹੇ ਵੱਲ
ਚੁੱਲ੍ਹਾ ਉਸ ਵੱਲ ਤੱਕ ਰਿਹਾ ਹੈ

-----

## ਇਕੱਲਤਾ ਦਾ ਸੱਚ

ਉਹ ਲੋਕਾਂ ਦੀ ਭੀੜ ਵਿਚ
ਵਿਚਰ ਰਿਹਾ ਹੈ
ਭੀੜ ਉਸ ਵਿਚ
ਵਿਚਰ ਰਹੀ ਹੈ

-0-

ਉਸ ਭੀੜ ਦੇ ਦਰਪਣ ਚੋਂ
ਆਪਣਾ ਚਿਹਰਾ ਵੇਖਿਆ
ਉਹ ਭੀੜ 'ਚ ਮੌਜੂਦ ਨਹੀਂ ਸੀ
ਭੀੜ ਉਸਦਾ ਵਜੂਦ ਨਹੀਂ ਸੀ

-0-

ਉਹ ਤਾਂ ਇਕੱਲਾ ਸੀ
ਉਸਦੇ ਨਾਲ ਤਾਂ
ਉਸਦਾ ਸਾਇਆ ਵੀ ਨਹੀਂ ਸੀ
ਉਸਦਾ ਆਪਣਾ ਆਪਾ
ਉਸਦਾ ਹਮਸਾਇਆ ਵੀ
ਨਹੀਂ ਸੀ

-0-

ਉਹ ਆਪਣੇ ਘਰ ਪਰਿਵਾਰ 'ਚ
ਰਹਿੰਦਾ ਵੀ ਇਕੱਲਾ ਸੀ
ਸ਼ਹਿਰ ਦੇ ਲੋਕਾਂ 'ਚ ਵਸਦਾ ਵੀ
ਇਕੱਲਾ ਸੀ
ਉਹ ਚਿਹਰਿਆਂ ਦੇ ਸਾਗਰ ਦਾ
ਚਿਹਰਾ ਨਹੀਂ ਸੀ
ਨਕਸ਼ਾਂ ਦੇ ਜੰਗਲ ਦਾ ਨਕਸ਼ ਨਹੀਂ ਸੀ

-0-

ਵੇਖਦੀਆਂ ਅੱਖਾਂ 'ਚ
ਵੇਖਦੀ ਅੱਖ ਨਹੀਂ ਸੀ
ਬੋਲਦੀਆਂ ਜੀਭਾਂ 'ਚ
ਬੋਲਦੀ ਜੀਭ ਨਹੀਂ ਸੀ
ਦੁਨੀਆਂ ਦੇ ਆਗ਼ਾਜ਼ ਦਾ
ਆਗ਼ਾਜ਼ ਨਹੀਂ ਸੀ
ਹਸ਼ਰ ਦਾ ਹਸ਼ਰ ਨਹੀਂ ਸੀ
ਇਥੋਂ ਤੱਕ
ਕਿ ਦੁਨੀਆਂ ਦੀ ਪੈਂਤੀ ਅੱਖਰੀ ਦਾ
ਉਹ ਹਰਫ਼ ਨਹੀਂ ਸੀ

-0-

ਉਸਦੇ ਸਿਵਾ
ਕੋਈ ਵੀ ਉਸ ਕੋਲ ਨਹੀਂ ਸੀ
ਉਹ ਆਪਣੇ ਆਪ ਦਾ ਅੰਦਰ
ਨਹੀਂ ਸੀ
ਆਪਣੇ ਆਪ ਦਾ ਖੋਲ ਨਹੀਂ ਸੀ
ਉਹ ਆਪ ਹੀ ਦੀਵਾ
ਆਪੇ ਜੋਤ ਸੀ
ਉਹ ਆਪੇ-ਬੋਲ-ਸਰੋਤ ਸੀ

-0-

ਦੁਨੀਆਂ 'ਚ ਵਸਣ ਦਾ
ਉਸਨੂੰ ਭਰਮ ਸੀ
ਭਰਮ ਦੇ ਵਿਚ ਵਿਚਰਨਾ
ਭਰਮ ਦਾ ਹੀ ਕਰਮ ਸੀ

ਉਸਦਾ ਸੱਚ ਇਕੱਲਾ ਸੀ
ਇਹ ਜਾਣਦਾ ਵੀ
ਭੀੜ ਦਾਂ ਭਰਮ ਜੀਅ ਰਿਹਾ ਸੀ ਉਹ
ਆਪਣਾ ਸੱਚ ਵਿਸਾਰ ਕੇ
ਜੀਣ ਲਈ
ਭੀੜ ਦਾ ਸੱਚ ਹੋ ਰਿਹਾ ਸੀ

-0-

ਆਪਣੇਂ ਸੱਚ ਪ੍ਰਮਾਣਤ
ਕਰਨ ਲਈ
ਉਹ ਭੀੜ ਤੋਂ ਵੱਖਰਾ ਹੋ ਗਿਆ
ਆਪਣੇ ਆਪ ਨਾਲ ਜਾ ਕੇ
ਖਲੋ ਗਿਆ
ਉਸ ਵੇਖਿਆ
ਭੀੜ ਬਾਹਰ ਹੀ ਨਹੀਂ
ਉਸਦੇ ਅੰਦਰ ਵੀ ਹੈ
ਆਪਣੇ ਆਪ ਨਾਲ
ਜੋ ਜਾ ਖਲੋਇਆ ਹੈ
ਉਹ ਇਕ ਤੋਂ ਦੋ ਦੀ ਹੀ
ਤਾਂ ਭੀੜ ਹੋਇਆ ਹੈ

-0-

ਉਸਦੀ ਚੇਤਨਾ ਬੋਲੀ
ਬਾਹਰ ਦੀ ਭੀੜ ਵਸਤੂ ਸੰਸਾਰ
ਦੀ ਹੈ
ਅੰਦਰਲੀ ਭੀੜ

ਅੰਦਰਲੀ ਇਕੱਲ ਦੀ ਹੈ
ਅੰਦਰਲੀ ਭੀੜ ਦਾ ਸੱਚ ਆਪਣਾ ਹੈ
ਬਾਹਰਲੀ ਭੀੜ ਦਾ ਸੱਚ
ਪਰਾਇਆ ਹੈ

-0-

ਉਸਨੇ ਇਕ ਨੂੰ
ਇਕ 'ਚ ਜਮ੍ਹਾਂ ਕੀਤਾ
ਇਕ 'ਚ ਜਮ੍ਹਾਂ ਹੋਣ ਵਾਲਾ ਇਕ
ਆਪਣੀ ਹੋਂਦ ਖੋਹ ਗਿਆ
ਜਮ੍ਹਾਂ ਦੇ ਇਕ ਦਾ ਵਜੂਦ
ਹੋ ਗਿਆ
ਉਸਨੂੰ ਆਪਣੀ ਅੰਦਰਲੀ
ਭੀੜ ਦਾ ਸੱਚ ਸਮਝ ਆਇਆ
ਉਸਨੇ
ਇਕ ਨੂੰ ਇਕ ਚੋਂ ਮਨਫ਼ੀ ਕੀਤਾ
ਉਸਨੂੰ ਦੋ ਦੀ ਪਰਾਈ ਭੀੜ ਦਾ
ਸੱਚ ਨਜ਼ਰ ਆਇਆ

-0-

ਉਸਨੂੰ ਯਕੀਨ ਹੋ ਗਿਆ
ਉਹ ਇਕੱਲਾ ਹੈ
ਆਦਿ ਤੋਂ ਇਕੱਲਾ ਸੀ
ਹਸ਼ਰ ਤਕ ਇਕੱਲਾ ਹੈ
ਉਸ ਇਕੱਲੇ ਨੇ ਹੀ
ਜੀਵਨ ਚੋਂ ਗੁਜ਼ਰਨਾ ਹੈ

ਜੀਵਨ ਦਾ ਸੱਚ ਪਾਉਣਾ ਹੈ
ਇਕੱਲੇ ਨੇ ਹੀ
ਇਕੱਲੇ ਦੇ ਸੱਚ 'ਚ ਸਮਾਉਣਾ ਹੈ
ਭੀੜ ਉਸਦਾ ਭਰਮ ਸੀ
ਭਰਮ ਹੈ
ਇਕੱਲਤਾ ਉਸਦਾ ਸੱਚ ਸੀ
ਸੱਚ ਹੈ

-0-

ਉਹ ਲੋਕਾਂ ਦੀ ਭੀੜ ਵਿਚ
ਵਿਚਰ ਰਿਹਾ ਹੈ
ਭੀੜ ਉਸ ਵਿਚ
ਵਿਚਰ ਰਹੀ ਹੈ

-----

## ਮੀਂਹ

ਆਪਣੀ ਤਲਾਸ਼ 'ਚ ਨਿਕਲਿਆ
ਬਾਰਿਸ਼ 'ਚ ਭਿੱਜ ਗਿਆ
ਉਸਦਾ ਅੰਦਰ ਬਾਹਰ
ਅੰਗ ਅੰਗ ਨਕਸ਼ ਨਕਸ਼
ਜਲ ਦਾ ਰੂਪ ਹੋ ਗਿਆ

-0-

ਉਸਦਾ ਵਜੂਦ
ਸਮੁੰਦਰ 'ਚ ਬਦਲਿਆ
ਜਲ ਭਾਫ਼ 'ਚ ਢਲਿਆ
ਤਾਂ ਉਸਦੀ ਦੇਹ ਚੋਂ
ਇਕ ਸਹਿਰਾ ਉੱਗ ਆਇਆ

-0-

ਭਾਫ਼ ਚੋਂ ਬੱਦਲ ਜਨਮੇਂ
ਬੱਦਲਾਂ ਦੇ ਰੂਪ 'ਚ
ਉਸ ਅੰਬਰ ਦਾ ਸਫ਼ਰ ਕੀਤਾ
ਬੱਦਲ ਜਦ ਪਾਣੀ ਨਾਲ ਭਰਿਆ
ਸਮੁੰਦਰ ਦੀ ਸਹਿਰਾ ਹੋਈ
ਦੇਹ ਤੇ ਵਰ੍ਹਿਆ

-0-

ਸਮੁੰਦਰ ਦੇ ਸਹਿਰਾ ਹੋਏ ਤਲ ਚੋਂ
ਬਨਾਸਪਤ੍ਰੀ ਉਪਜੀ
ਪਹਾੜ ਜੰਗਲ ਪਸ਼ੂ ਪੰਛੀ
ਦਰਿਆ ਨਦੀਆਂ ਝਰਨੇ ਪੁੰਗਰੇ
ਉਸ ਜੀਵਨ ਜ਼ਿੰਦਗੀ

ਸਹਿਰਾ ਹੋਏ ਤਲ ਚੋਂ ਤੱਕੀ
ਉਸਨੂੰ
ਆਪਣਾ ਆਪਾ ਸਿਰਜਕ
ਤੇ ਨਜ਼ਰ 'ਚ ਫੈਲੀ
ਆਪਣੀ ਸਿਰਜਣਾ ਲੱਗੀ

-0-

ਉਸਨੇ ਆਪਣੀ ਤਲਾਸ਼ ਦਾ
ਸੱਚ ਪਾ ਲਿਆ
ਜਲ ਤੋਂ ਭਾਫ਼ ਸਮੁੰਦਰ ਤੋਂ ਸਹਿਰਾ
ਸਹਿਰਾ ਚੋਂ ਜ਼ਿੰਦਗੀ
ਆਦਿ ਤੋਂ ਅੰਤ
ਅੰਤ ਤੋਂ ਆਦਿ ਦਾ ਸੱਚ
ਉਸਨੂੰ ਸਮਝ ਆ ਗਿਆ

-0-

ਹੁਣ ਉਹ
ਬਾਰਿਸ਼ 'ਚ ਭਿੱਜਦਾ ਵੀ
ਸਹਿਰਾ ਸੀ
ਸਹਿਰਾ ਤਪਦਾ ਵੀ
ਸਾਗਰ ਸੀ
ਭਾਫ਼ 'ਚ ਬੱਦਲ
ਬੱਦਲ 'ਚ ਭਾਫ਼ ਸੀ
ਸੱਚ ਦੀ ਤਲਾਸ਼
ਉਸਦਾ ਆਪਣਾ ਆਪ ਸੀ

-----

## ਲਕੀਰ ਦਾ ਸਫ਼ਰ

ਉਸ ਜ਼ਿੰਦਗੀ ਦਾ ਸਫ਼ਰ
ਮੁਕਾਇਆ
ਤੇ ਕਿਰਾਏ ਦੇ ਘਰ ਚੋਂ
ਆਪਣੇ ਅਸਲ ਘਰ 'ਚ ਆ ਗਿਆ

-0-

ਉਸ ਵੇਖਿਆ
ਕਬਰ ਜੋ ਅਸਲ ਘਰ ਹੈ
ਇਸ ਚੋਂ ਸੂਰਜ ਚੜ੍ਹਦਾ ਹੈ
ਜ਼ਿੰਦਗੀ ਤੁਰਦੀ ਹੈ
ਜੀਵਨ ਸਾਹ ਭਰਦਾ ਹੈ

-0-

ਇਸ ਵਿਚ ਜੰਗਲ ਪਹਾੜ ਸਾਗਰ
ਸਹਿਰਾ ਹਨ
ਪ੍ਰਕਿਰਤੀ ਹੈ ਪਸ਼ੂ ਪੰਛੀ ਹਨ
ਲੋਕ ਹਨ
ਪਰ ਵਜ਼ੂਦ ਨਹੀਂ
ਖ਼ੁਸ਼ਬੂਆਂ ਹਨ
ਬੁੱਤ ਨਹੀਂ ਰੂਹਾਂ ਹਨ

-0-

ਜ਼ਿੰਦਗੀ ਉਸਦਾ ਖੋਲ ਸੀ
ਪਰ ਖੋਲ ਦਾ ਅਸਲ ਸੱਚ
ਕਬਰ 'ਚ ਮਜ਼ੂਦ ਸੀ
ਜ਼ਿੰਦਗੀ ਤਾਂ ਬਸ ਪਹਿਰਨ ਸੀ
ਕਬਰ ਉਸਦਾ ਵਜ਼ੂਦ ਸੀ

ਜ਼ਿੰਦਗੀ 'ਚ ਜਲ ਹੈ
ਤਪਸ਼ ਹੈ ਤਾਂ ਸਹਿਰਾ ਹੈ
ਰੁੱਖ਼ ਹਨ ਤਾਂ ਜੰਗਲ ਹੈ
ਕਿਨਾਰੇ ਹਨ
ਤਾਂ ਦਰਿਆ ਹਨ ਨਦੀਆਂ ਹਨ
ਜ਼ਿੰਦਗੀ 'ਚ
ਹਰ ਚੀਜ਼ ਦੇ ਵਜ਼ੂਦ ਦੀ ਖੋਲ
ਉੱਪਾਦੀ ਹੈ
ਵਾਸ ਦਾ ਖੋਲ
ਖੋਲ ਵਾਸ ਦੀ ਮੁਥਾਜ਼ੀ ਹੈ

-0-

ਜ਼ਿੰਦਗੀ 'ਚ
ਮੁਥਾਜ਼ੀ ਤੋਂ ਸਿਵਾ ਕੁੱਝ ਨਹੀਂ
ਮੁਥਾਜ਼ੀ ਹੀ
ਜ਼ਿੰਦਗੀ ਦੀ ਦੇਣ ਹੈ
ਮੁਥਾਜ਼ੀ ਹੀ
ਜ਼ਿੰਦਗੀ ਦੇ ਪਾਸ ਹੈ
ਜ਼ਿੰਦਗੀ ਦੀ ਰਾਸ ਹੈ
ਜ਼ਰਾ ਸਹਿਰਾ ਦਾ
ਕਣ ਪਹਾੜ ਦਾ ਰੁੱਖ ਜੰਗਲ ਦਾ
ਖ਼ੁਸ਼ਬੂ ਹਵਾ ਦੀ ਮੌਥਾਜ਼ ਹੈ
ਜ਼ਿੰਦਗੀ ਆਦਿ ਤੋਂ ਅੰਤ ਤਕ
ਮੁਥਾਜ਼ੀ ਦਾ ਸ਼ਬਦ ਅਰਥ
ਤੇ ਆਵਾਜ਼ ਹੈ

-0-

ਉਮਰ ਸਾਹਾਂ ਦੀ
ਜ਼ਿੰਦਗੀ ਉਮਰ ਦੀ ਮੁਥਾਜ਼ ਹੈ
ਜੀਵਨ ਜ਼ਿੰਦਗੀ ਦਾ
ਜ਼ਿੰਦਗੀ ਖ਼ੁਦ ਦੀ ਮੁਥਾਜ਼ ਹੈ
ਜ਼ਿੰਦਗੀ ਦਾ ਆਦਿ
ਅੰਤ ਦਾ ਮੁਥਾਜ਼ ਹੈ
ਕਿਉਂਕਿ
ਅੰਤ ਹੀ ਆਦਿ ਦਾ
ਆਦਿ ਹੀ ਅੰਤ ਦਾ ਆਗ਼ਾਜ਼ ਹੈ

-0-

ਕਬਰ ਦਾ ਆਦਿ ਆਦਿ ਹੈ
ਅੰਤ ਅੰਤ ਹੈ
ਆਦਿ ਦਾ ਕੋਈ ਅੰਤ ਨਹੀਂ
ਅੰਤ ਦਾ ਕੋਈ ਆਦਿ ਨਹੀਂ
ਕਬਰ ਸੱਚ ਦਾ ਆਗ਼ਾਜ਼ ਹੈ
ਸੱਚ ਦਾ ਹਸ਼ਰ ਹੈ
ਹਸ਼ਰ ਜੋ ਰੁੱਖ ਵੀ ਹੈ ਬੀਜ ਵੀ
ਬੀਜ ਵੀ ਹੈ ਰੁੱਖ ਵੀ

-0-

ਕਬਰ ਦੀ ਹਰ ਕੰਧ 'ਚ
ਇਕ ਨਿਰੰਤਰ ਨੂਰ ਹੈ
ਜ਼ਿੰਦਗੀ ਦੇ ਮਹਿਲਾਂ ਤੋਂ
ਜੋ ਦੂਰ ਹੈ
ਜ਼ਿੰਦਗੀ ਕਬਰ ਤਕ ਦਾ ਸਫ਼ਰ ਹੈ

ਜ਼ਿੰਦਗੀ ਦੀ ਪੈਂਤੀ ਅੱਖਰੀ ਨੂੰ
ਸਮਝਣ ਲਈ
ਕਬਰ ਪਹਿਲਾ ਤੇ ਆਖ਼ਰੀ
ਹਰਫ਼ ਹੈ
ਕਬਰ ਜ਼ਿੰਦਗੀ ਦੇ ਅੰਦਰ ਹੈ
ਕਬਰ ਰੱਬ ਹੈ ਜ਼ਿੰਦਗੀ ਮੰਦਰ ਹੈ
ਜ਼ਿੰਦਗੀ ਨੂੰ
ਆਪਣਾ ਸੱਚ ਜਾਣਨ ਦੀ ਲੋੜ ਹੈ
ਆਪਣੇ ਵਿਚ ਵੱਸਦਾ
ਰੱਬ ਪਹਿਚਾਣਨ ਦੀ ਲੋੜ ਹੈ
ਰੱਬ ਮੰਦਰੋਂ ਦੂਰ ਹੈ
ਮੰਦਰ ਰੱਬ ਦੇ ਕੋਲ ਹੈ

-----

## ਕਿਰਨ ਦਾ ਚਿਹਰਾ

ਉਸਦੇ ਬਾਹਰ ਸੂਰਜ
ਅੰਦਰ ਹਨ੍ਹੇਰਾ ਸੀ
ਹਨ੍ਹੇਰੇ ਚੋਂ ਚਾਨਣ 'ਚ ਵੇਖਿਆਂ
ਸਭ ਨਜ਼ਰ ਆਉਂਦਾ ਹੈ
ਚਾਨਣ ਚੋਂ ਹਨ੍ਹੇਰੇ 'ਚ ਵੇਖਿਆਂ
ਕੁੱਝ ਨਜ਼ਰ ਨਹੀਂ ਆਉਂਦਾ

–0–

ਅੰਦਰਲੇ ਹਨ੍ਹੇਰੇ ਸਦਕਾ
ਉਹ ਜਾਣ ਨਾ ਸਕਿਆ
ਅੰਦਰ ਕੀ ਹੈ ਕੌਣ ਹੈ
ਉਸ ਕੋਲ ਅੱਖਾਂ ਤੇ ਸਨ
ਪਰ ਅੱਖਾਂ ਦੀ
ਆਪਣੀ ਲੋਅ ਨਹੀਂ ਹੁੰਦੀ
ਇਸ ਲਈ ਹਨ੍ਹੇਰੇ 'ਚ
ਉਹ ਆਪਣੇ ਅੰਦਰ ਦਾ ਸੱਚ
ਜਾਣ ਨਾ ਸਕਿਆ
ਆਪਾ ਪਹਿਚਾਣ ਨਾ ਸਕਿਆ

–0–

ਕਈ ਵਰ੍ਹੇ
ਉਹ ਹਨ੍ਹੇਰੇ 'ਚ ਗੁਆਚਾ ਰਿਹਾ
ਆਪਾ ਪਹਿਚਾਣਦਾ ਤਾਂ ਆਪਾ ਭਾਲਦਾ
ਆਪਣੀ ਪਹਿਚਾਣ ਬਿਨਾਂ

ਉਹ ਆਪਣੇ ਆਪ ਲਈ
ਅਜ਼ਨਬੀ ਸੀ ਪਰਾਇਆ ਸੀ

-0-

ਉਸਦਾ ਅੰਦਰਲਾ ਹਨ੍ਹੇਰਾ
ਬਾਹਰ ਫੈਲਿਆ
ਉਹ ਹਨ੍ਹੇਰੇ 'ਚ ਘਰ ਗਿਆ
ਦੁਨੀਆਂ ਤੋਂ ਟੁੱਟ ਗਿਆ
ਆਪੇ ਤੋਂ ਟੁੱਟ ਗਿਆ
ਉਦਾਸੀ ਤੇ ਚੁੱਪ 'ਚ ਸੁੰਗੜ
ਗਿਆ

-0-

ਇਕ ਦਿਨ
ਉਸ ਪੱਥਰ 'ਚ ਪੱਥਰ
ਵੱਜਦਾ ਵੇਖਿਆ
ਪੱਥਰ ਚੋਂ ਅੱਗ ਨਿਕਲੀ
ਉਸ ਸੋਚਿਆ
ਜਿੱਥੇ ਪੱਥਰ ਦੀ ਦੇਹ 'ਚ ਹਨ੍ਹੇਰਾ ਹੈ
ਉੱਥੇ ਅੱਗਣੀ ਵੀ ਹੈ
ਤੇਜ਼ ਵੀ ਹੈ ਚਾਨਣ ਵੀ ਹੈ

-0-

ਉਸ ਤੇਜ਼ ਦੀ ਭਾਲ 'ਚ
ਆਪਣੇ ਅੰਦਰ ਤੇ ਬਾਹਰ ਦਾ
ਹਨ੍ਹੇਰਾ ਚੀਰਿਆ
ਚੀਰੇ ਹਨ੍ਹੇਰੇ ਚੋਂ

ਚਾਨਣ ਦੀ ਇਕ ਕਿਰਨ
ਉਸਦੇ ਮੱਥੇ 'ਚ ਜਗੀ
ਉਸਨੂੰ ਹਨ੍ਹੇਰਾ ਹੀ
ਚਾਨਣ ਦੀ ਕੁੱਖ਼ ਲੱਗੀ

–0–

ਉਸ ਚਾਨਣ ਦੀ ਕਿਰਨ ਸੰਗ
ਅੰਦਰ ਤੇ ਬਾਹਰ ਫੈਲੇ ਹਨ੍ਹੇਰੇ ਨੂੰ
ਚਾਨਣ ਦੀ ਜਾਗ ਲਾ ਦਿੱਤੀ
ਤੇ ਹਨ੍ਹੇਰਾ ਜਮਾ ਲਿਆ
ਹਨ੍ਹੇਰਾ ਰਿੜਕਿਆ
ਤੇ ਸੂਰਜ ਪਾ ਲਿਆ

–0–

ਉਸਦੇ ਅੰਦਰ ਵੀ ਚਾਨਣ
ਬਾਹਰ ਵੀ ਚਾਨਣ ਹੋ ਗਿਆ
ਉਸਦੇ ਅੰਦਰ ਕੀ ਹੈ ਕੌਣ ਹੈ
ਹੁਣ ਉਹ ਜਾਣਦਾ ਸੀ
ਚਿਹਰਿਆਂ 'ਚ ਗੁਆਚਾ
ਆਪਣਾ ਚਰਾਗ਼ ਪਹਿਚਾਣਦਾ ਸੀ

-----

# ਬਿੰਦੂ

ਆਪਣੇ ਅੰਦਰਲੇ
ਬਿੰਦੂ ਨੂੰ ਪਹਿਚਾਣੇ ਆਦਮੀ
ਬਿੰਦੂ ਚੋਂ
ਆਪਣੇ ਸੱਚ ਦਾ ਦਾਇਰਾ
ਜਾਣੇ ਆਦਮੀ

-0-

ਇਹ ਪ੍ਰਵਚਨ
ਉਸਦੇ ਅੰਦਰ ਗੂੰਜਦਾ
ਲਹੂ 'ਚ ਗਿੜਦਾ
ਉਸਦੀ ਨਸ ਨਸ 'ਚ ਤੁਰਦਾ
ਦੇਹ 'ਚ ਖੌਲਦਾ
ਰੋਮ ਰੋਮ ਚੋਂ ਸੁਣਦਾ ਤੇ ਬੋਲਦਾ

-0-

ਆਪਣੇ ਅੰਦਰ ਨੂੰ ਘੋਖਿਆ
ਪੜਤਾਲਿਆ ਹੰਗਾਲਿਆ
ਉਸ ਆਪਣੇ ਅੰਦਰ ਦੀ
ਪਰਤ-ਦਰ-ਪਰਤ ਖੋਲ੍ਹੀ
ਅੰਦਰਲੀ ਕਾਰਜ ਪ੍ਰਣਾਲੀ ਦੀ
ਪ੍ਰਕਿਰਿਆ ਨੂੰ ਵਿਚਾਰਿਆ
ਉਸਨੂੰ
ਲਹੂ ਮਾਸ ਦੀਆਂ ਨਾੜੀਆਂ
ਅੰਤੜੀਆਂ ਤੇ
ਅੰਦਰ ਦੇ ਅੰਦਰ ਤੋ ਸਿਵਾ
ਕੁੱਝ ਨਜ਼ਰ ਨਾ ਆਇਆ

ਬਿੰਦੂ ਦੀ ਭਾਲ 'ਚ
ਉਹ ਸੱਖਣਾ ਹੋ ਕੇ ਰਹਿ ਗਿਆ
ਅੰਦਰਲੇ ਸਫ਼ਰ ਤੋਂ
ਥੱਕ ਟੁਟ ਕੇ ਬਹਿ ਗਿਆ

-0-

ਪ੍ਰਵਚਨ
ਉਸਦੇ ਕੰਨਾਂ 'ਚ ਗੂੰਜਦਾ
ਉਹ ਸੋਚਦਾ ਇਹ ਕੀ ਹੈ
ਕਿਹੜੀ ਵਸਤੂ ਹੈ
ਜਿਸ ਕਾਰਨ
ਮਿੱਟੀ ਦੀ ਦੇਹ ਜਿਉਂਦੀ ਹੈ
ਪ੍ਰਵਚਨ ਸੁਣਦੀ ਹੈ

-0-

ਉਸਨੇ ਪ੍ਰਵਚਨ ਦਾ ਸੱਚ
ਅਪਨਾ ਲਿਆ
ਤੇ ਪ੍ਰਵਚਨ ਨੂੰ
ਆਪਣੇ ਹਿਰਦੇ 'ਚ ਵਸਾ ਲਿਆ
ਉਸਨੂੰ ਅਨੁਭਵ ਹੋਇਆ
ਅਸਲ ਵਿਚ
ਉਹ ਇਕ ਆਤਮਾ ਹੈ
ਉਸਦਾ ਰੱਖਿਆ ਨਾਮ
ਤਾਂ ਦੁਨਿਆਵੀ ਸ਼ਨਾਖ਼ਤ ਹੈ
ਇਹ ਆਤਮਾ ਦਾ ਬਿੰਦੂ ਹੀ
ਦਾਤੇ ਦੀ ਅਮਾਨਤ ਹੈ

ਜੋ ਕਰਤੇ ਨੇ
ਉਸਦੀ ਦੇਹ 'ਚ ਰੱਖਿਆ ਹੈ
ਜਿਸ ਕਾਰਨ
ਦੇਹ 'ਚ ਜੀਵਨ ਵਸਿਆ ਹੈ

-0-

ਆਤਮਾ ਦੀ ਖੋਜ
ਉਸ ਦੇ ਆਪੇ ਦੀ ਖੋਜ ਸੀ
ਖੋਜ ਦਾ ਸੱਚ
ਉਸ ਦੇ ਮਸਤਕ ਦੀ ਜੋਤ ਸੀ
ਇਹੀ ਬਿੰਦੂ ਸੀ
ਇਹੀ ਪ੍ਰਵਚਨ ਦਾ ਸੱਚ ਸੀ
ਇਸ ਨੂੰ ਭਾਲ ਰਿਹਾ
ਉਹ ਅੱਜ ਤਕ ਸੀ

-0-

ਉਸ ਨੇ
ਆਪਣਾ ਆਪ ਬਿੰਦੂ 'ਚ ਉਤਾਰਿਆ
ਬਿੰਦੂ ਨੂੰ ਆਪਣੇ 'ਚ ਢਾਲਿਆ
ਜਦ ਉਹ ਬਿੰਦੂ 'ਚ ਵਿਚਰਿਆ
ਉਸ ਨੂੰ
ਬਿੰਦੂ ਦਾ ਸੱਚ ਸਮਝ ਆਇਆ
ਬਿੰਦੂ ਬਿੰਦੂ ਨਹੀਂ ਸੀ
ਆਕਾਰ ਰਹਿਤ ਸੀ
ਜਨਮ ਮਰਨ ਤੋਂ ਮੁਕਤ ਸੀ
ਸਾਰੀ ਸ੍ਰਿਸ਼ਟੀ ਦੀ
ਕਾਰਜ ਪ੍ਰਣਾਲੀ ਦੀ ਯੁਕਤ ਸੀ

-0-

ਇਸ ਬਿੰਦੂ 'ਚ
ਦਾਇਰਿਆਂ ਦੇ ਦਾਇਰੇ
ਸਮਾਏ ਸਨ
ਪਰ ਇਹ ਹਰ ਦਾਇਰੇ ਦੇ
ਘੇਰੇ ਤੋਂ ਬਾਹਰ ਸੀ
ਇਸਦੀ ਬੁੱਕਲ 'ਚ
ਕੁੱਲ ਬ੍ਰਹਿਮੰਡ ਸਗਲਾ ਸੰਸਾਰ ਸੀ

-0-

ਜਦ ਉਸ ਵੇਖਿਆ
ਇਸ ਬਿੰਦੂ ਦਾ ਘੇਰਾ
ਸੰਕਲਪੋਂ ਬਾਹਰ ਹੈ
ਤਾਂ ਉਸਨੂੰ
ਪ੍ਰਵਚਨ ਦਾ ਸੱਚ ਸਮਝ
ਆਇਆ
ਉਸ ਆਪਣੀ ਦੇਹ ਚੋਂ
ਪ੍ਰਵਚਨ ਦੇ ਸੱਚ ਦਾ ਯਥਾਰਥਕ
ਬਿੰਦੂ ਪਾਇਆ
ਉਹ ਹੁਣ ਬਿੰਦੂ ਨਹੀਂ ਸੀ
ਮਾਨਵਤਾ ਦੀ ਹੋਂਦ ਸੀ
ਪਰਮ ਜੋਤ ਸੀ

-----

# ਅੰਗਿਆਰ ਤੇ ਪੈਰ

ਉਹ ਅੰਗਿਆਰਾਂ ਤੇ ਤੁਰਦਾ
ਅੱਗ ਦੀ ਅੱਗ ਹੋ ਗਿਆ
ਆਪਣੇ ਅੰਦਰਲੇ ਜਲ ਤੋਂ
ਅਲੱਗ ਹੋ ਗਿਆ

-0-

ਉਹ ਕਦੀ ਜੰਗਲ ਦੀ ਅੱਗ ਦਾ
ਕਦੀ ਸਾਗਰਾਂ ਪਹਾੜਾਂ ਚੋਂ
ਫੁੱਟਦੇ ਲਾਵੇ ਦਾ ਰੂਪ ਸੀ
ਕਦੀ ਸੜਦਾ ਥਲ
ਕਦੀ ਸੂਰਜ ਹੋਏ ਆਵੇ ਦਾ
ਰੂਪ ਸੀ

-0-

ਅੱਗ ਦੀ ਤਾਸੀਰ ਤੇ ਜ਼ਮੀਰ ਨੇ
ਉਸਨੂੰ ਕਾਮੀ ਕ੍ਰੋਧੀ ਤੇ ਹੰਕਾਰੀ
ਬਣਾ ਦਿੱਤਾ
ਜ਼ਰੇ ਚੋਂ ਸਹਿਰਾ
ਅੰਗਿਆਰ ਚੋਂ ਭਾਂਬੜ ਉੱਗਾ
ਦਿਤਾ

-0-

ਉਹ ਬਾਰੂਦ ਦਾ ਵਿਓਪਾਰੀ
ਮਨੁੱਖਤਾ ਦਾ ਪਿੰਡਾ ਜਲਾਉਂਦਾ
ਅਨਾਜ ਦੇ ਖੇਤਾਂ ਚੋਂ ਬਾਰੂਦ ਉਗਾਉਂਦਾ
ਜੰਗਲ ਸਵਾਹ ਕਰਦਾ
ਸਾਗਰ 'ਚ ਥਲ ਧਰਦਾ

ਪ੍ਰਕਿਰਤੀ ਪਸ਼ੂਆਂ ਪੰਛੀਆਂ ਤੇ
ਮਨੁਖਾਂ ਦੇ ਰਾਖ਼ ਹੋਏ ਪਿੰਜਰ
ਆਪਣੇ ਹੰਕਾਰ ਨੂੰ ਅਰਪਨ ਕਰਦਾ

-0-

ਉਹ ਸੋਚਦਾ
ਮੈਂ ਹਾਂ ਤਾਂ ਸਾਰਾ ਜੱਗ ਹੈ
ਮੈਂ ਨਹੀਂ ਤਾਂ ਸਭ ਕੱਖ ਹੈ
ਮੈਂ ਬਲੀਆਂ ਦਾ ਬਲੀ ਹਾਂ
ਮੇਰੇ ਮੂੰਹ 'ਚ ਸੂਰਜ ਹੈ
ਤਲੀਏ ਚੰਦਰਮਾ
ਪੈਰਾਂ 'ਚ ਧਰਤ ਹੈ
ਮੁੱਠੀ 'ਚ ਅਸਮਾਨ

-0-

ਮੈਂ ਨਹੀਂ ਤਾਂ
ਜ਼ਿੰਦਗੀ ਦੇ ਅੰਗਾਂ 'ਚ ਤਾਅ ਨਹੀਂ
ਜ਼ਿੰਦਗੀ ਕੋਲ
ਕੋਈ ਉਤਪੱਤੀ ਦਾ ਰਾਹ ਨਹੀਂ
ਆਂਡੇ 'ਚ ਬੋਟ ਦੀ ਹੋਂਦ ਨਹੀਂ
ਮੇਰੇ ਬਿਨਾਂ
ਆਕਾਸ਼ ਧਰਤ ਪਤਾਲ
ਸਭ ਸੀਤ ਹਨ
ਮੈਂ ਹਾਂ
ਤਾਂ ਜੀਵਨ 'ਚ ਸਾਹ ਹੈ
ਮੈਂ ਨਹੀਂ ਤਾਂ ਜੀਵਨ ਸ਼ਮਸ਼ਾਨ ਹੈ
ਮੁਰਦਿਆਂ ਦਾ ਜਹਾਨ ਹੈ

-0-

ਹੰਕਾਰ ਦਾ ਮਾਰਿਆ
ਇਕ ਦਿਨ
ਆਪਣੇ ਰੂ-ਬ-ਰੂ ਹੋਇਆ
ਉਸਦਾ ਆਪਾ ਬੋਲਿਆ
ਨਾ ਤੂੰ ਅੱਗਣ
ਨਾ ਕ੍ਰੋਧ ਨਾ ਹੰਕਾਰ ਹੈਂ
ਤੂੰ ਆਪਣੀ ਗਰਦਨ ਤੇ
ਲਟਕਦੀ ਤਲਵਾਰ ਹੈਂ
ਤੂੰ ਆਪ
ਆਪਣੀ ਕਬਰ ਹੈਂ
ਖ਼ਾਕ ਹੋਇਆ ਆਪ
ਆਪਣਾ ਹਸ਼ਰ ਹੈਂ

-0-

ਵੇਖ
ਇਸ ਸ਼ਮਸ਼ਾਨ 'ਚ
ਕਾਮ ਕ੍ਰੋਧ ਹੰਕਾਰ ਦੇ ਰਚਣਹਾਰੇ
ਕਬਰੀਂ ਪਏ ਹਨ
ਮੁੱਠ ਮਿੱਟੀ ਕਬਰ ਦੀ
ਆਪਣੇ ਤੋਂ ਉੱਠਾ ਸਕਦੇ ਨਹੀਂ
ਮਰ ਗਈਆਂ ਮਾਵਾਂ
ਉਡੀਕਾਂ ਕਰਦੀਆਂ
ਉੱਠ ਕੇ ਕਬਰ ਚੋਂ ਆ ਸਕਦੇ ਨਹੀਂ

-0-

ਚੌਧਾਂ ਯੋਜਨ ਛੱਤਰ ਝੂਲਦਾ
ਸੀ ਜਿਨ੍ਹਾਂ ਸਿਰ

ਕਾਲ ਪਾਵੇ ਨਾਲ
ਬੰਨ੍ਹਿਆ ਸੀ ਜਿਨ੍ਹਾਂ
ਕਿੱਧਰੋਂ ਆਏ ਕਿੱਧਰ ਗਏ
ਕੋਈ ਨਹੀਂ ਹੈ ਜਾਣਦਾ
ਕਬਰਾਂ 'ਚ ਪਏ ਮੁਰਦੇ
ਸਿਰਫ਼ ਮੁਰਦੇ ਹਨ
ਮੁਰਦਿਆਂ ਚੋਂ
ਰਾਵਣ ਦੁਰਯੋਧਨੇ
ਕੋਈ ਨਹੀਂ ਪਹਿਚਾਣਦਾ.

-0-

ਉਹ ਅੰਗਿਆਰਾਂ ਤੇ ਤੁਰਦਾ
ਅੱਗ ਦੀ ਅੱਗ ਹੋ ਗਿਆ
ਆਪਣੇ ਅੰਦਰਲੇ ਜਲ ਤੋਂ
ਅਲੱਗ ਹੋ ਗਿਆ

-----

## ਦਾਣੇ ਦਾ ਸਫ਼ਰ

ਕਿਸਾਨ ਨੇ ਜ਼ਮੀਨ ਤੇ
ਹਲ ਵਾਹਿਆ ਸੁਹਾਗਿਆ
ਤੇ ਜ਼ਮੀਨ ਦੀ ਕੁੱਖ ਨੂੰ
ਗਰਭਤ ਹੋਣ ਦੇ ਕਾਬਲ
ਬਣਾ ਦਿੱਤਾ

-0-

ਦਾਣਾ ਧਰਤੀ ਦੀ ਗਰਭ 'ਚ
ਬੀਜਿਆ ਗਿਆ
ਦਾਣੇ ਦੇ ਅੰਤਾਕਰਨ ਵਿਚ
ਕਿਸ ਸੱਚ ਦਾ ਵਜ਼ੂਦ ਹੈ
ਉਸਦਾ ਕੀ ਰੂਪ ਰੰਗ ਤੇ
ਸਰੂਪ ਹੈ
ਬੀਜੇ ਜਾਣ ਤੋਂ ਪਹਿਲਾਂ
ਦਾਣਾ
ਇਸ ਸਭ ਤੋਂ ਅਣਜਾਣ ਸੀ

-0-

ਦਾਣੇ ਨੇ
ਧਰਤੀ ਦੀ ਕੁੱਖ ਦਾ ਸਫ਼ਰ ਕੀਤਾ
ਕੁੱਖ ਦੀ ਪ੍ਰਕਿਰਤੀ ਨੂੰ ਜੀਵਿਆ
ਕੁੱਖ ਦੀ ਹਵਾ ਨੂੰ
ਆਪਣੇ ਸਾਹਾਂ 'ਚ ਉਤਾਰਿਆ
ਧਰਤੀ ਦੀ ਕੁੱਖ 'ਚ
ਕਈ ਧਰਤੀਆਂ ਆਕਾਸ਼ ਬ੍ਰਹਿਮੰਡ
ਖਲਾਅ ਸੂਰਜਾਂ ਚੰਨਾਂ ਤਾਰਿਆਂ
ਮੰਡਲਾਂ ਦਾ ਅਹਿਸਾਸ

ਦਾਣੇ ਵਿਚਲੇ ਸੱਚ ਦੇ
ਅੰਕੁਰ 'ਚ ਬੀਜਿਆ ਗਿਆ

-0-

ਧਰਤੀ ਦੀ ਕੁੱਖ 'ਚ
ਦਾਣੇ ਨੇ ਕਰਤਾ ਤੇ ਬ੍ਰਹਿਮੰਡਕ
ਸਮੱਗਰੀ ਤੱਕੀ
ਧਰਤੀ ਮਾਂ ਦੀ ਗੋਦ 'ਚ ਵੱਸਦੇ
ਕਈਆਂ ਚਿਹਰਿਆਂ ਦੇ
ਹਾਜ਼ੂਮ ਵੇਖੇ
ਦਾਣੇ ਨੇ ਅਵਚੇਤਨ
ਮਨ ਦਾ ਪ੍ਰਗਟਾਅ
ਆਪਣੀਆਂ ਬੰਦ ਅੱਖਾਂ 'ਚ
ਵੇਖਿਆ

-0-

ਦਾਣੇ ਦੇ ਅੰਦਰਲਾ ਸੱਚ ਕੀ ਹੈ
ਉਸਦਾ ਰੰਗ ਰੂਪ ਸਰੂਪ ਕੀ ਹੈ
ਦਾਣੇ ਨੇ ਧਰਤੀ ਦੀ ਕੁੱਖ ਚੋਂ
ਯਥਾਰਥਕ ਰੂਪ 'ਚ ਅਨੁਭਵਿਆ

-0-

ਦਾਣਾ
ਜਦ ਪੌਦੇ ਦੇ ਰੂਪ 'ਚ
ਧਰਤੀ ਚੋਂ ਉੱਗਾ
ਤਾਂ ਉਸ ਵੇਖਿਆ
ਬਾਹਰਲੇ ਤੇ ਅੰਦਰਲੇ ਬ੍ਰਹਿਮੰਡ ਦਾ
ਇਕੋ ਰੂਪ ਹੈ
ਪਰ ਦਾਣਾ
ਆਪਣੇ ਆਪ 'ਚ
ਉਹ ਨਹੀਂ

ਜੋ ਗਰਭ 'ਚ ਸੀ
ਉਸਦਾ ਅੰਦਰਲਾ ਸਰੂਪ
ਵੱਖਰਾ ਸੀ
ਬਾਹਰਲਾ ਸਰੂਪ ਵੱਖਰਾ ਸੀ

-0-

ਉਹ ਧਰਤੀ ਦੀ
ਕੁੱਖ ਚੋਂ ਜਨਮ ਕੇ
ਆਪਣੇ ਅੰਦਰ ਦਾ
ਸੱਚ ਤਾਂ ਪਾ ਗਿਆ
ਪਰ ਮਾਂ ਦੇ ਗਰਭ ਦੇ ਸੱਚ ਤੋਂ
ਦੂਰ ਆ ਗਿਆ
ਉਸ ਦਾ ਸੱਚ ਮੈਲਾ ਹੋ ਗਿਆ
ਉਸਦੇ ਜਿਸਮ ਦੀ ਖ਼ੁਸ਼ਬੂ
ਗੰਧ 'ਚ ਬਦਲ ਗਈ

-0-

ਅੰਦਰਲੇ
ਤੇ ਬਾਹਰਲੇ ਬ੍ਰਹਿਮੰਡ ਦਾ
ਰੂਪ ਤਾਂ ਇਕ ਸੀ
ਪਰ ਅੰਦਰਲੇ ਬ੍ਰਹਿਮੰਡ 'ਚ
ਵਿਚਰਦੇ ਜੀਵਨ ਦਾ ਆਧਾਰ
ਤਿਆਗ ਸੀ
ਬਾਹਰਲੇ ਬ੍ਰਹਿਮੰਡ 'ਚ
ਵਿਚਰਦੇ ਜੀਵਨ ਦਾ ਆਧਾਰ
ਲੋਭ ਤੇ ਹੰਕਾਰ ਹੈ
ਦਾਣੇ ਨੇ ਧਰਤ ਦਾ ਸਫ਼ਰ ਕੀਤਾ
ਸੱਚ ਦਾ ਸੱਚ ਜਾਣਿਆਂ
ਪੌਦੇ ਦਾ ਰੂਪ ਧਾਰਿਆ
ਸੱਚ ਦਾ ਝੂਠ ਪਹਿਚਾਣਿਆਂ

-----

## ਕਬਰ ਦੀ ਬੁੱਕਲ

ਰੁੱਖ ਚੋਂ ਕਬਰ ਉੱਗ ਆਈ
ਹਰਿਆਵਲ ਹਵਾ ਹੋਈ
ਰੁੱਖ
ਮੌਸਮਾਂ ਰੁੱਤਾਂ ਬਹਾਰਾਂ
ਮਹਿਕਾਂ ਵਿਹੂਣਾ ਹੋ ਗਿਆ

-0-

ਰੁੱਖ 'ਚ ਜੀਵਨ ਸੀ
ਪਰ ਗਤੀਹੀਣ ਸੀ
ਚੇਤਨਾ ਜਗਿਆਸਾ ਅਨੁਭਵ
ਕੁੱਝ ਵੀ
ਰੁੱਖ ਦੇ ਪਾਸ ਨਹੀਂ ਸੀਂ
ਰੁੱਖ ਨੂੰ
ਕੋਈ ਅਹਿਸਾਸ ਨਹੀਂ ਸੀ

-0-

ਕਬਰ ਦੀ ਬੁੱਕਲ 'ਚ
ਰੁੱਖ ਰੁੱਖ ਤੋਂ ਬੀਜ ਹੋ ਗਿਆ
ਹੁਣ ਕਬਰ ਦੀ ਥਾਂ
ਧਰਤ ਦੀ ਉਪਜਾਊ ਮਿੱਟੀ
ਤਲਾਸ਼ਦਾ
ਆਪਣੀ ਚੇਤਨਾ ਜਗਿਆਸਾ
ਤੇ ਅਨੁਭਵ ਭਾਲਦਾ

-0-

ਰੁੱਖ ਚਾਹੁੰਦਾ ਸੀ
ਮੌਸਮਾਂ ਰੁੱਤਾਂ ਬਹਾਰਾਂ

ਮਹਿਕਾਂ ਸੰਗ ਜਿਉਣਾ
ਕਬਰ ਦੀ ਬੁੱਕਲ ਚੋਂ
ਬਾਹਰ ਆਉਣਾ
ਹਵਾ ਜਲ ਧਰਤੀ ਦੀ
ਮਹਿਕ ਮਾਣਨਾ
ਚਾਹੁੰਦਾ ਸੀ
ਬੀਜ ਹੋਇਆ ਰੁੱਖ
ਆਪਣੇ ਬੀਜ ਵਿਚਲੇ
ਰੁੱਖ ਦਾ ਰੂਪ ਧਾਰਨਾ

-0-

ਬੀਜ ਜਦ ਰੁੱਖ ਸੀ
ਉਸਨੂੰ ਜੀਵਨ ਦਾ
ਜੀਵਨ ਤੱਤਾਂ ਦੇ ਸੱਚ ਦਾ
ਅਹਿਸਾਸ ਨਹੀਂ ਸੀ
ਰੁੱਖ ਸੀ
ਪਰ ਰੁੱਖ ਨੂੰ ਜੰਗਲ ਦਾ
ਪਾਸ ਨਹੀਂ ਸੀ

-0-

ਉਹ ਜੀਵਨ ਮੂਲ ਤੋਂ
ਅਣਜਾਣ ਸੀ
ਉਸਨੂੰ ਨਾ ਆਪਣੀ
ਨਾ ਦੁਆਲੇ ਦੀ ਪਹਿਚਾਣ ਸੀ
ਉਹ ਹਰ ਚੀਜ਼ ਤੋਂ ਬੇਖ਼ਬਰ ਸੀ
ਆਪਣੇ ਵਿਚਰਨ ਧਰਾਤਲ ਦੇ
ਕਰਮ ਤੇ ਪ੍ਰਤੀਕਰਮ ਤੋਂ ਬੇਅਸਰ ਸੀ
ਕਿਉਂਕਿ ਸ਼ਾਇਦ

ਇਹ ਸਭ ਕੁੱਝ
ਉਸਦੇ ਕੋਲ ਸੀ
ਉਸਨੂੰ ਇਸਦੀ ਕਦਰ ਸੀ
ਨਾ ਖ਼ਿਆਲ ਸੀ ਨਾ ਹੋਸ਼ ਸੀ
ਉਹ ਲੋੜ ਦੇ ਅਨੁਭਵ ਤੋਂ
ਅਗਿਆਤ ਸੀ
ਜੋ ਕੋਲ ਸੀ
ਉਸਦੇ ਮੁੱਲ ਦਾ
ਉਸਨੂੰ ਨਾ ਅਹਿਸਾਸ ਸੀ

-0-

ਰੁੱਖ
ਜਦ ਜੀਵਨ ਤੋਂ ਦੂਰ ਹੋ ਗਿਆ
ਤਾਂ
ਜੀਵਨ ਸੱਚ ਜਾਣਨ ਲਈ
ਬੜਾ ਹੀ ਤੜਪਿਆ
ਤੇ ਬੜਾ ਹੀ ਰੋਇਆ
ਕਬਰ 'ਚ ਬੀਜ ਹੋਏ ਰੁੱਖ ਨੇ
ਜਦ ਕਬਰ ਦਾ ਸੱਚ ਜਾਣਿਆਂ
ਤਾਂ ਜ਼ਿੰਦਗੀ ਦਾ ਮੂਲ
ਪਹਿਚਾਣਿਆਂ
ਉਹ ਜਿਉਂਦਾ ਹੀ ਮੁਰਦਾ ਰਿਹਾ
ਸੱਚ ਲਈ ਖੜ੍ਹਾ ਰਿਹਾ
ਝੂਠ ਲਈ ਭੁਰਦਾ ਰਿਹਾ

-0-

ਜ਼ਿੰਦਗੀ ਪ੍ਰਤੀ ਉਤਸੁਕਤਾ
ਬੀਜ 'ਚ ਏਨੀ ਪ੍ਰਬਲ ਹੋਈ
ਕਿ ਬੀਜ ਦਾ ਜੁੱਸਾ ਫੱਟਿਆ
ਤੇ ਬੀਜ ਚੋਂ ਰੁਖ ਉੱਗ ਪਿਆ
ਬੀਜ ਦਾ ਸੱਚ
ਕਬਰ ਚੋਂ ਪੁੰਗਰਿਆ
ਜ਼ਿੰਦਗੀ ਦੀ ਤਲੀ 'ਤੇ ਪੁੱਗ ਗਿਆ

-0-

ਰੁੱਖ ਹੁਣ ਜਿਉਂਦਾ ਸੀ
ਤਾਂ ਸਿਰਫ਼ ਜਿਉਣ ਲਈ
ਮਰੇਗਾ ਤਾਂ ਸਿਰਫ਼ ਮਰਨ ਲਈ
ਨਾ ਮੌਤ 'ਚ ਜ਼ਿੰਦਗੀ
ਨਾ ਜ਼ਿੰਦਗੀ 'ਚ ਮੌਤ ਧਰਨ ਲਈ

-----

# ਕੁੱਝ ਵੀ ਨਹੀਂ

ਉਹ ਆਪਣੇ ਤੋਂ ਪਾਰ ਗਿਆ
ਉਸ ਵੇਖਿਆ
ਪਹਾੜ ਜੰਗਲ ਸਾਗਰ ਹਨ
ਦਰਿਆ ਨਦੀਆਂ
ਝਰਨੇ ਚਸ਼ਮੇ ਹਨ
ਆਪਣਾ ਸੱਚ ਜਾਣਦੇ ਵੀ
ਆਪਣੀ ਹੋਂਦ ਪਹਿਚਾਣਦੇ ਵੀ
"ਕੁੱਝ ਵੀ ਨਹੀਂ"
ਦਾ ਸਿਮਰਨ ਕਰਦੇ ਹਨ
ਆਰਤੀ ਉਤਾਰਦੇ ਹਨ
ਸਿਰ ਪੈਰਾਂ 'ਚ
ਉੱਚਾਈ ਧਰਤੀ ਤੋਂ ਨੀਵੀਂ
ਸਵੀਕਾਰਦੇ ਹਨ

-0-

ਸਾਰੀ ਬ੍ਰਹਿਮੰਡਕ ਸਮੱਗਰੀ
ਆਪਣੇ ਆਪ ਨੂੰ
ਕੁਝ ਵੀ ਨਹੀਂ ਦੀ ਉਕਾਤ ਤੋਂ
ਨੀਵਾਂ ਸਮਝਦੀ ਹੈ
ਜੀਵਨ ਦੇ ਪੰਜਾਂ ਤੱਤਾਂ ਦੀ
ਜ਼ੁਬਾਨ ਤੇ
"ਕੁੱਝ ਵੀ ਨਹੀਂ " ਦਾ ਪ੍ਰਵਚਨ ਹੈ
ਸਾਰੀ ਪ੍ਰਕਿਰਤੀ ਸਾਰੀ ਕਾਇਨਾਤ
ਆਪਣੇ ਆਪ 'ਚ ਭਰਪੂਰ ਹੁੰਦਿਆਂ ਵੀ
ਕੁੱਝ ਨਹੀਂ ਕੁਝ ਨਹੀਂ

ਪੁਕਾਰ ਰਹੀ ਹੈ
ਇਹ ਕਿਸਦੀ ਆਰਤੀ
ਉਤਾਰ ਰਹੀ ਹੈ

-0-

ਇਸ ਸਭ ਕੁੱਝ ਚੋਂ ਗੁਜ਼ਰਿਆਂ
ਉਹ ਵੀ ਆਪਣੇ ਆਪ ਨੂੰ
ਬਲਹੀਣ ਜਲ ਦਾ ਬੁਲਬੁਲਾ
ਤੇ ਕੁਝ ਵੀ ਨਹੀਂ
ਮਹਿਸੂਸ ਕਰਨ ਲੱਗਾ
ਉਹ ਜ਼ਰਾ ਹੈ ਸਹਿਰਾ ਨਹੀਂ
ਕਣ ਹੈ ਪਹਾੜ ਨਹੀਂ
ਉਹ ਜੰਗਲ ਨਾ ਪੱਤਾ ਨਾ ਰੁੱਖ ਹੈ
ਉਹ ਤਾਂ ਆਪਣੀ ਵੀ ਨਹੀਂ
ਪਰਾਈ ਮਿੱਟੀ ਦਾ ਬੁੱਤ ਹੈ

-0-

ਇਸ ਸਫ਼ਰ 'ਚ
ਉਸ ਚੋਂ
ਉਸਦੀ ਹਸਤੀ ਨੁਚੜ ਗਈ
ਤੇ ਉਹ ਹਸਤੀ ਰਹਿਤ ਹੋ ਕੇ
ਰਹਿ ਗਿਆ
ਕੱਖਾਂ ਤੋਂ ਹੌਲਾ ਹੋ ਕੇ ਬਹਿ ਗਿਆ

-0-

ਉਹ ਕੁੱਝ ਵੀ ਨਾ ਰਿਹਾ ਹੋ ਕੇ
ਜਦ ਸਫ਼ਰ ਤੋਂ
ਆਪਣੇ ਘਰ ਆਇਆ
ਉਸਨੇ ਕੁਝ ਵੀ ਨਹੀਂ ਦਾ ਸੱਚ

ਮਿੱਟੀ ਦੀ ਦੇਹ ਚੋਂ ਪਾਇਆ
ਸੱਚ ਜੋ ਸ਼ੁਨਯ ਸੀ
ਨਿਰੰਜਨ ਸੀ ਅਫ਼ੁਰ ਸੀ
ਪਰ ਸਭ ਕੁੱਝ ਦਾ
ਆਦਿ ਅੰਤ ਸੀ
ਉਹ ਕੁੱਝ ਵੀ ਨਹੀਂ
ਆਪ ਅੰਤ ਰਹਿਤ ਭਗਵੰਤ ਸੀ

-0-

ਉਸ ਵੇਖਿਆ
ਇਹ ਕੁੱਝ ਵੀ ਨਹੀਂ
ਤਾਂ ਸੱਚ ਦਾ ਕਰਤਾ ਹੈ
ਖ਼ਾਲੀ ਨੂੰ ਭਰਦਾ ਹੈ
ਸ਼ੁਨਯ ਹੈ
ਪਰ ਰੌਣਕਾਂ ਜਨਮਦਾ ਹੈ
ਨਿਰੰਜਨ ਹੈ
ਹੋਂਦ ਸਿਰਜਦਾ ਹੈ
ਅਫ਼ੁਰ ਹੈ
ਬ੍ਰਹਿਮੰਡ ਉਸਾਰਦਾ ਹੈ
ਸਹਿਰਾ ਹੈ ਜਲ ਜਨਮਦਾ ਹੈ
ਗਤੀਹੀਣ ਹੋ ਗਤੀਆਂ ਬਖ਼ਸ਼ਦਾ ਹੈ

-0-

ਕਲੀਆਂ ਫੁੱਲਾਂ ਖ਼ੁਸ਼ਬੂਆਂ
ਮੌਸਮਾਂ ਬਹਾਰਾਂ ਰੁੱਤਾਂ ਪੱਤਝੜਾਂ
ਦੀ ਰੀਝ ਹੈ

ਧੁੰਦੂਕਾਰਾ ਹੈ
ਪਰ ਸੂਰਜਾਂ ਦਾ ਬੀਜ ਹੈ
ਕੁੱਝ ਵੀ ਨਹੀਂ ਤਾਂ
ਇਸਦੀ ਸਿਰਜਕ ਸਮੱਗਰੀ
ਦਾ ਵਜ਼ੂਦ ਹੈ
ਸਭ ਕੁੱਝ ਤਾਂ ਇਹ ਆਪ ਹੈ
ਕੁਝ ਵੀ ਨਹੀਂ
ਤਾਂ ਇਸਦਾ ਲਿਬਾਸ ਹੈ
ਜੋ ਸਾਰੀ ਕਾਇਨਾਤ ਦਾ ਵਾਸ ਹੈ
ਉਸ
ਜਦ ਕੁੱਝ ਵੀ ਨਹੀਂ ਦਾ ਦੀਦਾਰ
ਪਾਇਆ
ਕੁੱਝ ਹੋਣ ਦਾ ਸੱਚ
ਉਸਨੂੰ ਸਮਝ ਆਇਆ

-----

# ਕਾਲੇ ਦਿਨ

ਘਰ ਸਰਦਲ ਤੇ ਕੰਨ ਲਾਈ
ਰਿਜ਼ਕ ਦੇ ਪੈਰਾਂ ਦੀ ਆਹਟ
ਸੁਣਨ ਲਈ ਬੇਤਾਬ ਹੈ
ਕੰਧਾਂ ਛੱਤਾਂ ਚੌਂਕੇ ਚੁੱਲੇ ਦੀਆਂ
ਅੱਖਾਂ ਨੂੰ
ਰਿਜ਼ਕ ਦੇ ਦੀਦਾਰ ਦੀ ਭਾਲ ਹੈ
ਵਿਹੜੇ 'ਚ ਹੋਲੀ ਖੇਡ ਰਹੀ ਹੈ
ਕਾਲਿਆਂ ਦਿਨਾਂ ਦੀ ਰੌਣਕ
ਭੁੱਖ ਘਰ ਦੇ ਚਿਹਰੇ ਚੋਂ
ਨਜ਼ਰ ਆ ਰਹੀ ਹੈ
ਜ਼ਿੰਦਗੀ ਕੀ ਕੀ ਜਲਵੇ
ਵਿਖਾ ਰਹੀ ਹੈ

-0-

ਲਾਣੀ ਮੰਜੀ ਤੇ ਪਿਆ ਹੈ
ਘਰ ਦਾ ਵਰਤਮਾਨ
ਭਵਿੱਖ ਦੇ ਖ਼ੁਆਬ ਬੁਣਦੀ
ਬੋਰੀ ਤੇ ਸੁੱਤੀ ਹੈ ਘਰ ਦੀ ਸੁਆਣੀ
ਵਿਹੜੇ 'ਚ ਭੁੱਖ ਨਾਲ
ਵਿਲਕਦਾ ਹੈ ਸਮਾਂ
ਦਾਤੇ ਦੀਆਂ ਰਹਿਮਤਾਂ ਨਿਹਮਤਾਂ
ਦੇ ਭਾਣੇ ਦਾ ਇਹ ਪ੍ਰਮਾਣ ਹੈ
ਸ਼ਮਸ਼ਾਨ ਦੇ ਵਿਹੜੇ ਸੁੱਤੀ ਹੈ ਜ਼ਿੰਦਗੀ
ਜਾਂ ਜ਼ਿੰਦਗੀ ਦੇ ਵਿਹੜੇ ਸੁੱਤਾ
ਸ਼ਮਸ਼ਾਨ ਹੈ

-0-

ਘਰਾਂ ਦੀ ਛੱਤ ਤੇ
ਭੁੱਖ ਨੱਚ ਰਹੀ ਹੈ ਨੰਗੇ ਨਾਚ
ਵਜ ਰਿਹਾ ਹੈ
ਤੰਗੀਆ ਤੁਰਸ਼ੀਆਂ ਦਾ
ਘਰ ਦੀਆਂ ਨੀਹਾਂ 'ਚ ਸਾਜ਼
ਧੁੰਨ ਉੱਠ ਰਹੀ ਹੈ
ਗੁਰਬਤ ਦੇ ਹਿਰਦੇ ਚੋਂ
"ਤੇਰਾ ਭਾਣਾ ਮੀਠਾ ਲਾਗੇ"
ਭਾਣਾ ਨਜ਼ਰ ਆ ਰਿਹਾ ਹੈ
ਭਾਣੇ ਵਾਲਾ ਆਲੋਪ ਹੈ
ਮੁਫਲਿਸੀ ਦੇ ਵਰਕਿਆਂ ਤੇ
ਲਿਖਿਆ
ਮਹਾਂ ਸਲੋਕ ਹੈ

-0-

ਹੱਦ ਗ਼ਰੀਬੀ ਦੀ ਟੱਪ ਜਾਏਗੀ ਜਦੋਂ
ਸੁਬ੍ਹਾ ਇਸ ਕੁੱਲੀ ਦੇ ਵਿਹੜੇ
ਆਏਗੀ ਤਦੋਂ
ਚੁੱਲ੍ਹੇ 'ਚ ਅੱਗ ਬਲੇਗੀ
ਕੁੰਨੀ 'ਚ ਰਿੱਝੇਗੀ ਦਾਲ
ਅੰਨ ਦੇ ਪੱਕਣ ਦੀ ਖ਼ੁਸ਼ਬੂ
ਆਏਗੀ
ਮਿੱਟੀ ਦੇ ਦੀਵੇ ਦੀ ਰੌਸ਼ਨੀ
ਨੀਹਾਂ ਤੋਂ ਛੱਤ ਤੱਕ ਫੈਲ ਜਾਏਗੀ

-0-

ਲਿੱਪੀਆਂ ਜਾਣਗੀਆਂ

ਕੁੱਲੀ ਦੀਆਂ ਕੰਧਾਂ
ਭਰ ਜਾਣਗੇ
ਭੁੱਖੇ ਬਰਤਨਾਂ ਦੇ ਪੇਟ
ਉੱਛਲੇਗਾ ਖ਼ਾਲੀ ਘੜੇ ਚੋਂ ਜਲ
ਆਵੇਗਾ ਆਉਣ ਵਾਲਾ ਕੱਲ੍ਹ
ਜਿਸਦੀ ਕੁੱਲੀ ਨੂੰ ਉੱਡੀਕ ਹੈ
ਉਸਦੇ ਘਰ ਦੇਰ ਹੈ ਅੰਧੇਰ ਨਹੀਂ
ਵਿਸ਼ਵਾਸ ਹੈ ਇਹ
ਜੀਅ ਰਹੀ ਹੈ ਮੁਫ਼ਲਿਸੀ
ਇਸ ਵਿਸ਼ਵਾਸ ਦੇ ਹੀ ਆਸਰੇ
ਜ਼ਹਿਰ ਜ਼ਿੰਦਗੀ ਦਾ
ਕਬਰ ਤਕ ਪੀ ਰਹੀ ਹੈ
ਮੁਫ਼ਲਿਸੀ

-0-

ਇਸ ਵਿਸ਼ਵਾਸ ਦੇ
ਵਿਸ਼ਵਾਸ ਤੇ
ਕੁੱਲੀ ਕੰਧਾਂ ਛੱਤਾਂ ਵਿਹੜੇ
ਚੌਂਕੇ ਨੂੰ ਵਿਸ਼ਵਾਸ ਹੈ
ਇਹ ਵਿਸ਼ਵਾਸ ਹੀ
ਇਸ ਘਰ ਦੀ ਮਿੱਟੀ ਦੇ ਪਾਸ ਹੈ
ਇਹ ਵਿਸ਼ਵਾਸ ਹੀ
ਕੁੱਲੀ ਦੀ ਆਸ ਹੈ
ਜੋ ਸੂਰਜ ਚੜ੍ਹਣ ਦੀ ਉੱਡੀਕ 'ਚ
ਸਦੀਆਂ ਦਾ ਹਨ੍ਹੇਰਾ ਹੰਢਾ ਰਹੀ ਹੈ
ਰੋਜ਼ ਆਪਾ ਬੀਜ ਕੇ
ਉੱਗਾ ਰਹੀ ਹੈ

ਰੋਜ਼ ਆਪਾ ਕੱਟਦੀ ਕੁਤਰਦੀ
ਤੇ ਖਾ ਰਹੀ ਹੈ
ਜੀਵਨ ਦਾ ਝੱਟ ਲੰਘਾ ਰਹੀ ਹੈ
ਭਾਣਾ ਮੰਨ ਕੇ
ਉਸਦਾ ਸ਼ੁਕਰ ਮਨਾ ਰਹੀ ਹੈ
ਸੂਰਜ ਚੜ੍ਹਣ ਦੀ ਆਸ ਹੈ
ਸੂਰਜ ਚੜ੍ਹੇਗਾ
ਮੁਫ਼ਲਿਸੀ ਦੇ ਹਿਰਦੇ ਦੀ
ਆਵਾਜ਼ ਹੈ

-----

## ਕਿਰਦਾਰ

ਚਰਾਗਾਂ ਦੀ ਰੌਸ਼ਨੀ
ਰੌਣਕਾਂ ਰੰਗੀਨੀਆਂ ਵਿਚ ਵੀ
ਦਿਲਕਸ਼
ਮਰਮਰੀ ਬੁੱਤਾਂ ਦੀ ਕਸ਼ਿਸ਼
ਜ਼ਿੰਦਗੀ ਦੇ
ਸੁੱਖਾਂ ਆਰਾਮਾਂ ਵਿਚ ਵੀ
ਦੌਲਤਾਂ ਐਸ਼ਵਰੀਯਾ ਤੇ
ਰਿਜ਼ਕ ਦੇ ਭੰਡਾਰਾਂ ਵਿਚ ਵੀ
ਉਹ ਚਲਾਏਮਾਨ ਨਹੀਂ ਹੋਇਆ
ਇਨਸਾਨ ਦਾ
ਇਨਸਾਨ ਹੀ ਰਿਹਾ
ਹੈਵਾਨ ਨਹੀਂ ਹੋਇਆ
ਸ਼ੈਤਾਨ ਨਹੀਂ ਹੋਇਆ

-0-

ਰਾਜਾ ਹੋ ਕੇ ਵੀ
ਉਸ ਰੰਕ ਦਾ ਜੀਵਨ ਗੁਜ਼ਾਰਿਆ
ਰੋਜ਼ ਆਪਣੀ
ਮਿਹਨਤ੍ ਬਾਜ਼ਾਰੀਂ ਵੇਚੀ
ਸਾਰਾ ਦਿਨ ਮੁਸ਼ੱਕ੍ਤ ਕਰਦਾ
ਆਪਣੇ ਹੱਡ ਬਾਲੰਦਾ
ਆਪਣੀ ਦੇਹ ਸੇਕਦਾ
ਆਪਣੀ ਕਿਰਤ ਦੇ ਰੰਗ ਵੇਖਦਾ

-0-

ਉਹ ਭਾਣਾ ਮੰਨ
ਭਾਣੇ ਦੇ ਸਫ਼ਰ ਤੇ ਨਿਕਲਿਆ
ਮਹਿਲ ਮਾੜੀਆਂ
ਰੌਣਕਾਂ ਰੰਗੀਨੀਆਂ ਐਸੋਇਸ਼ਰਤ
ਰਹੇ ਉੱਡੀਕਦੇ
ਉਸ ਨਾ ਮੁੜਕੇ ਵੇਖਿਆ
ਨਾ ਪਰਤਿਆ
ਖ਼ਲਕ ਦੇ ਪੈਰਾਂ ਦੀ
ਉਹ ਧੂੜ ਹੋ ਗਿਆ
ਆਪਣੀ ਹਸਤੀ ਤੋਂ
ਮਹਿਰੂਮ ਹੋ ਗਿਆ

-0-

ਭਾਣੇ ਦੇ ਸਫ਼ਰ ਦਾ ਅੰਤ
ਜਦ ਆਇਆ
ਆਪਣੇ ਆਪ 'ਚ
ਉਸ ਆਪਣਾ ਵੱਖਰਾ ਰੂਪ
ਪਾਇਆ
ਮਹਿਲ ਮਾੜੀਆਂ ਦੌਲਤਾਂ
ਰੰਗੀਨੀਆਂ ਰਾਜ ਪਾਠ
ਸਭ ਉਸਦੇ ਪੈਰਾਂ ਦੀ ਧਰਤ ਹੋ ਗਏ
ਮਹਿਲਾਂ ਤੋਂ
ਮੁਫ਼ਲਿਸੀ ਤੱਕ ਦੇ ਸਫ਼ਰ 'ਚ
ਉਸਦੇ ਪੈਰਾਂ ਦੇ ਛਾਲੇ
ਸੂਰਜ਼ ਚੰਨ ਸਿਤਾਰੇ ਚਰਾਗ ਹੋ ਗਏ

-0-

ਉਸ ਚੋਂ
ਉਸਦੀ ਇੱਛਾ ਮਰ ਗਈ
ਉਸ ਕੋਲ ਕੁੱਝ ਹੋਣ ਜਾਂ ਨਾ
ਹੋਣ ਦਾ ਅਹਿਸਾਸ ਹੀ ਨਾ ਰਿਹਾ
ਜੋ ਪਾਸ ਸੀ
ਉਸਦੀ ਖ਼ੁਸ਼ੀ ਨਾ ਰਹੀ
ਜੋ ਪਾਸ ਨਹੀਂ ਸੀ
ਉਸਦਾ ਹਿਰਖ਼ ਨਾ ਰਿਹਾ
ਉਹ ਨਾ ਬੀਜ ਹੀ ਰਿਹਾ
ਨਾ ਰੁੱਖ ਹੀ ਰਿਹਾ
ਉਹ ਭਾਣਾ ਮੰਨਦਾ ਮੰਨਦਾ
ਭਾਣੇ ਦਾ ਰੂਪ ਹੋ ਗਿਆ
ਭਾਣੇ ਦਾ ਸੱਚ
ਭਾਣੇ ਦਾ ਸਰੂਪ ਹੋ ਗਿਆ

-0-

ਉਹ ਹੁਣ
ਸ਼ੁਨਯ ਦਾ ਰੂਪ ਸੀ
ਜੋ ਨਾ ਜਨਮਦਾ ਹੈ
ਨਾ ਮਰਦਾ ਹੈ
ਜੋ ਨਾ ਬਿੰਦੂ ਹੈ ਨਾ ਦਾਇਰਾ ਹੈ
ਨਾ ਸਾਗਰ ਹੈ
ਨਾ ਸਹਿਰਾ ਹੈ
ਬਸ ਸਿਰਜਕ ਹੈ

ਇਕਾਈ ਦੀ ਤਕਸੀਮ ਹੈ
ਤਕਸੀਮ ਦੀ ਇਕਾਈ ਹੈ
ਜੋ ਜ਼ਰੇ ਜ਼ਰੇ 'ਚ ਮੌਜੂਦ ਹੈ
ਸਭ ਉਸਦਾ ਵਜੂਦ ਹੈ
ਉਹ ਸ਼ੂਨਯ ਹੋ ਕੇ ਵੀ
ਸਭ ਦਾ ਸਿਰਜਣਹਾਰ ਹੈ
ਅੰਦਰ ਵਲ ਨੂੰ
ਖੁਲ੍ਹਦਾ ਦੁਆਰ ਹੈ

----

## ਰੋਹੀ ਦਾ ਰੁੱਖ

ਉਹ ਨਿੱਜਤਾ ਜਿਉਂਦਾ
ਬੀਜ ਚੋਂ ਉੱਗਿਆ
ਆਕਾਸ਼ 'ਚ ਫੈਲਿਆ ਰੁੱਖ ਸੀ
ਟਹਿਣੀਆਂ ਪੱਤਿਆਂ ਫੁੱਲਾਂ
ਫੱਲਾਂ ਨਾਲ ਲੱਦਿਆ ਗਿਆ
ਜੜ੍ਹ ਤੋਂ ਪੱਤੇ ਤਕ ਸੀ ਰੱਜਿਆ
ਪਿਆ

-0-

ਉਸਦੀ ਕੁੱਖ
ਰੋਹੀ ਦੀ ਧਰਤ ਸੀ
ਉਹ ਆਪੇ ਦਰਪਣ
ਆਪੇ ਚਰਾਗ਼ ਸੀ
ਦੂਰ ਦੂਰ ਤਕ
ਉਸ ਦੁਆਲੇ ਨਾ ਕੋਈ ਰੁੱਖ ਸੀ
ਨਾ ਰੁੱਖਾਂ ਦਾ ਡੇਰਾ ਸੀ

-0-

ਉਹ ਇਕੱਲਾ ਸੰਗਤ ਵਿਹੂਣਾ
ਉਦਾਸ ਹੋਇਆ
ਆਪਣੇ ਵਿਅੱਕਤੀਗਤ
ਜੀਵਨ 'ਚ ਡੁੱਬ ਗਿਆ
ਆਪਣੀ ਉਦਾਸੀ 'ਚ
ਏਨਾ ਖੁੱਭ ਗਿਆ

ਕਿ ਇਕੱਲ ਦੀ ਇਕੱਲ ਹੋ ਗਿਆ
ਸਮੇਂ ਨਾਲੋਂ ਟੁੱਟਾ ਪਲ ਦਾ ਪਲ ਹੋ ਗਿਆ

-0-

ਹੁਣ ਉਹ
ਆਪਣੇ ਆਪ ਨਾਲ ਰਹਿੰਦਾ
ਆਪਣੇ ਆਪ ਨਾਲ ਤੁਰਦਾ
ਆਪਣੇ ਆਪ ਨਾਲ ਬਹਿੰਦਾ
ਆਪਣੇ ਆਪ ਨੂੰ ਸੁਣਦਾ
ਆਪਣੇ ਆਪ ਨੂੰ ਕਹਿੰਦਾ
ਉਸਦੀ ਇਕੱਲ ਹੀ
ਉਸਦਾ ਸੰਸਾਰ ਸੀ
ਉਸਦਾ ਸਿਲਸਿਲਾ ਸੀ
ਉਸਦਾ ਕਾਰੋਬਾਰ ਸੀ

-0-

ਆਲ੍ਹਣੇ ਚੋਂ ਨਵ-ਜਨਮੇਂ ਬੋਟਾਂ ਨੇ
ਉਸਨੂੰ ਪੁਕਾਰਿਆ
ਉਸਨੇ ਇਕੱਲ ਦੀ ਬੁੱਕਲ ਨੂੰ
ਉਤਾਰਿਆ
ਵੇਖਿਆ
ਉਹ ਫੁੱਲਾਂ ਫੱਲਾਂ ਨਾਲ ਲੱਦਿਆ
ਪਿਆ ਹੈ
ਉਸਦੇ ਹਰ ਫੱਲ 'ਚ
ਬੀਜਾਂ ਦੇ ਅੰਬਾਰ ਹਨ
ਤਾਰਿਆਂ ਜਿੰਨੇ ਜੰਗਲ
ਉਸਦੇ ਫੱਲਾਂ 'ਚ ਸ਼ੁਮਾਰ ਹਨ

-0-

ਉਸਨੂੰ ਅਹਿਸਾਸ ਹੋਇਆ
ਉਹ ਖ਼ੁਦ ਇਕੱਲ ਦੀ ਹੋਂਦ ਹੈ
ਹੋਂਦੋਂ ਦੂਸਰੇ ਪਾਸੇ
ਉਸਦੇ ਆਪਣੇ ਆਪ ਦਾ
ਵਿਸਥਾਰ ਹੈ

-0-

ਜਿਸ ਵਿਚ
ਹਜ਼ਾਰਾਂ ਜੰਗ੍ਹਲਾਂ ਦਾ ਵਜੂਦ ਹੈ
ਜਿਨ੍ਹਾਂ ਦੀ ਜੜ੍ਹ
ਉਸਦੇ ਫੱਲਾਂ 'ਚ ਮੌਜ਼ੂਦ ਹੈ
ਉਸ ਆਪਣੇ ਫੱਲਾਂ ਦਾ
ਕਲਾਵਾ ਭਰਿਆ
ਤੇ ਹਿੱਕ ਨਾਲ ਲਾ ਲਿਆ
ਰੋਹੀ ਦਾ ਇਕੱਲਾ ਰੁੱਖ
ਜੰਗਲ 'ਚ ਸਮਾ ਗਿਆ

-------

## ਚੁੱਪ ਦੀ ਆਵਾਜ਼

ਉਸਦੇ ਸਾਵੇਂ ਚੁੱਪ ਬੈਠੀ ਸੀ
ਉਹ ਚੁੱਪ ਦੇ ਸਾਵੇਂ ਬੈਠਾ ਸੀ

-0-

ਚੁੱਪ ਹੀ ਚੁੱਪ 'ਚ
ਚੁੱਪ ਬੈਠੀ ਚੁੱਪ ਦੇ ਮਸਤਕ 'ਚ
ਉਸਨੇ
ਦਿਲ ਦਾ ਅਰਥ ਜਗਾ ਦਿੱਤਾ

-0-

ਚੁੱਪ ਬੈਠੀ ਚੁੱਪ ਦੇ
ਮੱਥੇ ਦੇ ਅਰਥ ਨੇ
ਉਸ ਚੁੱਪ ਬੈਠੇ ਚਿਹਰੇ ਤੇ
ਅਰਥ ਦੇ ਸ਼ਬਦ ਦਾ ਦੀਵਾ
ਜਗਾ ਦਿੱਤਾ

-0-

ਇਹ ਚੁੱਪ ਦੀ ਆਵਾਜ਼ ਸੀ
ਨਾ ਸ਼ਬਦ ਨਾ ਅਰਥ ਨਾ ਬੋਲ ਸੀ
ਚੁੱਪ ਹੀ ਬਸ ਚੁੱਪ
ਚੁੱਪ ਦੇ ਕੋਲ ਸੀ

------

## ਦਾਇਰੇ ਤੇ ਬਿੰਦੂ

ਮਨੁੱਖ ਜਮਾਂਦਰੂ
ਦਾਇਰੇ ਦਾ ਬਿੰਦੂ ਹੈ
ਬਿੰਦੂ ਮਨੁੱਖ ਦੀ ਜੜ੍ਹੀਂ
ਘੁੰਨ ਹੈ
ਬਿੰਦੂ ਆਪਣੇ
ਆਪ ਦੇ ਵਿਸਥਾਰ ਦੀ
ਅਭੀਲਾਸ਼ਾ ਹੈ
ਬਿੰਦੂ ਆਪਣੇ ਆਪ ਤੋਂ ਸਿਵਾ
ਕੁੱਝ ਹੋਰ ਨਾ ਵੇਖਣ ਦੀ
ਨਾ ਚਾਹੁੰਣ ਦੀ ਇੱਛਾ ਹੈ

-0-

ਬਿੰਦੂ ਆਪਣੇ ਦਰ ਤੇ
ਦੌਲਤਾਂ ਦੇ ਦਾਇਰੇ ਸੱਤਾ ਦੇ ਘੋੜੇ
ਸਤਿਕਾਰ ਦੇ ਪਿਆਦੇ
ਬੰਨਣ ਤੇ ਬਿਠਾਉਣ ਦਾ ਆਦੀ ਹੈ
ਬਿੰਦੂ ਤਿਆਗਣ ਦੀ ਨਹੀਂ
ਕੁੱਝ ਪਾਉਣ ਦੀ ਵਾਦੀ ਹੈ

-0-

ਬਿੰਦੂ ਮਨੁੱਖੀ ਦਾਇਰੇ ਦੇ
ਲਹੂ ਦੀ ਗਤੀ ਹੈ

ਪ੍ਰਵਿਰਤੀ ਦਾ ਆਧਾਰ ਹੈ
ਬਿੰਦੂ 'ਚ ਜਿਉਂਦਾ ਦਾਇਰਾ
ਆਪਣੇ ਸਾਏ ਦਾ ਕਤਲ ਕਰਦਾ ਹੈ
ਸੱਚ ਦੀ ਗਰਦਨ ਤੇ ਤਲਵਾਰ
ਧਰਦਾ ਹੈ

-0-

ਬਿੰਦੂ ਦਾਇਰਿਆਂ ਲਈ
ਲਾਭ ਦੀ ਤਾਸੀਰ ਹੈ
ਵਾਧੇ ਦੀ ਜ਼ਮੀਰ ਹੈ
ਬਿੰਦੂ ਮਨੁੱਖੀ ਦਾਇਰੇ ਦੇ
ਪੇਟ ਦੀ ਭੁੱਖ ਨਹੀਂ
ਨੀਅਤ ਦੀ ਭੁੱਖ ਹੈ
ਬਿੰਦੂ ਦਾਇਰੇ ਦੀਆਂ
ਛਾਵਾਂ ਖਾਣਾ ਰੁੱਖ ਹੈ

-0-

ਬਿੰਦੂ ਮੁਰਦਿਆਂ ਤੋਂ
ਕਫ਼ਨ ਉਤਾਰਦਾ ਹੈ
ਅੱਗਣ ਚੋਂ ਤਾਅ ਪੀਂਦਾ ਹੈ
ਬਿੰਦੂ ਦਾ ਮਾਰਿਆ
ਮਨੁੱਖੀ ਦਾਇਰਾ
ਸਿਰਫ਼ ਆਪਣੇ ਆਪ
ਲਈ ਜਿਉਂਦਾ ਹੈ

-0-

ਬਿੰਦੂ 'ਚ ਬੱਝਾ ਦਾਇਰਾਂ
ਆਪਣਾ ਪਰਾਇਆ
ਪਹਿਚਾਣ ਨਹੀਂ ਸਕਦਾ
ਆਪਣਾ ਸੱਚ ਝੂਠ ਭਰਮ
ਜਾਣ ਨਹੀਂ ਸਕਦਾ
ਬਿੰਦੂ 'ਚ ਸਵੈ ਕੇਂਦਰਿਤ ਦਾਇਰਾ
ਆਪਣੇ ਦੁਆਲੇ
ਰੇਸ਼ਮੀ ਜਾਲ ਬੁਣਦਾ ਹੈ
ਉਸ ਜਾਲ 'ਚ ਮਰਨ ਦਾ
ਦਾਇਰੇ ਨੂੰ ਭੈਅ ਨਹੀਂ ਹੁੰਦਾ
ਬਿੰਦੂ ਦਾਇਰੇ ਲਈ
ਤਿਆਗਣ ਵਾਲੀ ਸ਼ੈਅ ਨਹੀਂ ਹੁੰਦਾ

-0-

ਦਾਇਰਾ
ਜਦ ਕਬਰ ਦੀ ਛਾਵੇਂ ਬਹਿੰਦਾ ਹੈ
ਉਸਦੀ ਚੇਤਨਾ ਚੋਂ
ਤਿਆਗ ਜਨਮਦਾ ਹੈ
ਜੋ ਸਮੱਗਰੀ
ਜੋ ਸਾਮਾਨ
ਦਾਇਰੇ ਨੇ ਸਾਰੀ ਉਮਰ
ਇਕੱਠਾ ਕੀਤਾ ਹੈ

ਉਹ ਨਾਲ ਨਹੀਂ ਜਾਣਾ
ਇਥੇ ਹੀ ਰਹਿ ਜਾਣਾ ਹੈ
ਬਿੰਦੂ ਸੰਗ ਰੌਣਕਾਂ ਰੰਗੀਨੀਆਂ
ਜੋ ਦਾਇਰੇ ਦੀ ਦੇਹ ਨੇ
ਹੰਢਾਈਆਂ ਹਨ
ਉਹ ਦਾਇਰੇ ਦੀ ਦੇਹ ਸੰਗ
ਅੱਗਣ ਦੀ ਭੇਟ ਚੜ੍ਹ ਆਈਆਂ ਹਨ

-0-

ਸਾਰੀ ਉਮਰ
ਦਾਇਰੇ ਨੇ ਬਿੰਦੂ ਦੇ ਭਰਮ 'ਚ
ਗੁਜ਼ਾਰੀ ਹੈ
ਕਬਰ ਦੀ ਧੁੱਪੇ
ਬਿੰਦੂ ਦੀ ਬੁੰਕਲ ਉਤਾਰੀ ਹੈ
ਘੱਟੋ ਘਟ ਲੀਕ ਹੋਣ ਤੋਂ ਪਹਿਲਾਂ
ਤਾਂ ਦਾਇਰੇ ਨੇ
ਰਹਿੰਦੀ ਜ਼ਿੰਦਗੀ ਸੁਆਰੀ ਹੈ

-0-

ਉਮਰ ਦੇ ਆਗ਼ਾਜ਼ 'ਚ ਹੀ
ਦਾਇਰਾ
ਜੇ ਬਿੰਦੂ ਦੀ ਬੁੱਕਲ ਉਤਾਰਦਾ
ਜ਼ਿੰਦਗੀ ਦਾ ਬਚਪਨ
ਜਵਾਨੀ ਬੁਢਾਪਾ ਸੁਆਰਦਾ

ਜ਼ਿੰਦਗੀ ਨੂੰ
ਦਾਇਰੇ ਦੀ ਕੁੱਝ ਦੇਣ ਹੁੰਦੀ
ਜ਼ਿੰਦਗੀ ਦਾ ਕਰਜ਼
ਸਿਰ ਤੋਂ ਉਤਾਰਦਾ
ਬਿੰਦੂ ਵਿਚ ਹੀ ਜਿਉਂਦਾ
ਬਿੰਦੂ ਵਿਚ ਹੀ ਮਰ ਜਾਂਦਾ ਹੈ
ਦਾਇਰੇ ਦਾ ਆਦਮੀ
ਆਪਣੀ ਕਬਰ ਸਿਰ
ਜ਼ਿੰਦਗੀ ਦਾ ਕਰਜ਼ ਧਰ ਜਾਂਦਾ ਹੈ
ਦਾਇਰੇ ਦਾ ਆਦਮੀ

-----

## ਧੜਕਣ

ਉਸਦੀ ਉੱਡੀਕ 'ਚ
ਉਸਦਾ ਦਿਲ ਧੜਕ ਰਿਹਾ ਸੀ

–0–

ਉਸਦੇ ਮਿਲਣ ਲਈ
ਉਸਦਾ ਦਿਲ ਧੜਕ ਰਿਹਾ ਸੀ

–0–

ਜਦ
ਮਿਲਣ ਹੋਇਆ
ਉੱਡੀਕ
ਆਪਣੀ ਧੜਕਣ ਨੂੰ ਮਿਲੀ
ਮਿਲਣ
ਆਪਣੀ ਧੜਕਣ ਨੂੰ ਮਿਲਿਆ

–0–

ਇਸ ਧੜਕਣ ਚੋਂ
ਫੁੱਲ ਮਿਲਣ ਦਾ ਖਿੜਿਆ
ਜਿਸਦਾ ਰੰਗ ਉੱਡੀਕ ਸੀ
ਜਿਸਦੀ ਮਹਿਕ ਮਿਲਣ ਸੀ

-----



ਜਦ ਕੋਈ ਸੂਰਜ
ਮੇਰੇ ਦੁਆਲੇ ਦੀ
ਚਾਰਦੀਵਾਰੀ ਤੋਂ
ਇੱਕ ਇੱਕ ਇੱਟ ਪੁੱਟੇਗਾ
ਤੇ ਆਪਣੀਆਂ
ਕਿਰਨਾਂ ਦਾ ਚਾਨਣ
ਮੇਰੇ ਅੰਦਰਲੇ ਹਨ੍ਹੇਰੇ 'ਚ
ਸੁੱਟੇਗਾ

(ਸੰਤੁਲਨ 'ਚੋਂ)

ਸਹਿਰਾ ਦਾ ਸਫ਼ਰ ਹੈ
ਦੇਹ 'ਚ ਉਤਰ ਆਏ ਹਨ
ਕਈਆਂ ਸੂਰਜਾਂ ਦੇ ਕਾਫ਼ਲੇ
ਤੰਦੂਰ ਹੋਏ ਤਨ 'ਚ
ਵੱਧਦੇ ਜਾ ਰਹੇ ਹਨ
ਦੇਹ ਤੇ ਸਾਹਾਂ ਦੇ ਫ਼ਾਸਲੇ

(ਪੱਥਰ ਦਾ ਸਫਰ 'ਚੋਂ)

ਚਰਨ ਸਿੰਘ